




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAG1353 | Ludhiana, Wednesday 08 April, 2026 | website: www.cee7news.com


## ਪੰਜਾਬੀ ਲੜਕੀ ਸੁਖਮਨ ਕੌਰ ਇਟਲੀ ਦੀ ਲੋਕਲ ਪੁਲਿਸ ਵਿਚ ਭਰਤੀ ਹੋਈ




ਇਟਲੀ ਵਿਚ ਵੱਸਦੇ ਪੰਜਾਬੀਆਂ ਲਈ ਇੱਕ ਖੁਸ਼ੀ ਵਾਲੀ ਖਬਰ ਆਈ ਹੈ। ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ 20 ਸਾਲਾ ਪੰਜਾਬਣ ਸੁਖਮਨ ਕੌਰ ਨੇ ਇਟਲੀ ਦੀ ਲੋਕਲ ਪੁਲਿਸ (ਪੁਲੀਸੀਆ ਲੋਕਾਲੇ) ਵਿਚ ਭਰਤੀ ਹੋ ਕੇ ਆਪਣੇ ਪਰਿਵਾਰ ਅਤੇ ਪੂਰੀ ਪੰਜਾਬੀ ਕਮਿਊਨਿਟੀ ਲਈ ਮਾਣ ਵਧਾਇਆ ਹੈ। ਇਸ ਨਾਲ ਇਟਲੀ ਵਿਚ ਰਹਿੰਦੀ ਨਵੀਂ ਪੀੜ੍ਹੀ ਦੀਆਂ ਸਫਲਤਾਵਾਂ ਵੀ ਉਜਾਗਰ ਹੋਈਆਂ ਹਨ।ਸੁਖਮਨ ਕੌਰ ਮਿਲਾਨ ਸ਼ਹਿਰ ਵਿਚ ਰਹਿੰਦੀ ਹੈ। ਉਸ ਨੇ ਲੋਕਲ ਪੁਲਿਸ ਵਿਚ ਚੋਣ ਪ੍ਰਕਿਰਿਆ ਪੂਰੀ ਕਰਕੇ ਆਪਣੀ ਥਾਂ ਬਣਾਈ ਹੈ। ਇਟਲੀ ਵਿਚ ਲੋਕਲ ਪੁਲਿਸ ਦੀ ਨੌਕਰੀ ਬਹੁਤ ਮਾਣ ਵਾਲੀ ਮੰਨੀ ਜਾਂਦੀ ਹੈ ਕਿਉਂਕਿ ਇਸ ਵਿਚ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਹੈ ਅਤੇ ਸਮਾਜ ਵਿਚ ਇੱਕ ਵੱਖਰੀ ਇੱਜ਼ਤ ਵੀ ਹੁੰਦੀ ਹੈ। ਇਸ ਨੌਕਰੀ ਲਈ ਲੜਾਈ ਬਹੁਤ ਤੇਜ਼ ਹੁੰਦੀ ਹੈ ਅਤੇ ਫਿਟਨੈੱਸ, ਲਿਖਤੀ ਟੈਸਟ ਅਤੇ ਇੰਟਰਵਿਊ ਵਰਗੀਆਂ ਪ੍ਰਕਿਰਿਆਵਾਂ ਤੋਂ ਗੁਜ਼ਰਨਾ ਪੈਂਦਾ ਹੈ।ਸੁਖਮਨ ਕੌਰ ਦਾ ਪਰਿਵਾਰ ਮੂਲ ਰੂਪ ਵਿਚ ਪੰਜਾਬ ਦਾ ਹੈ। ਉਨ੍ਹਾਂ ਦੇ ਪਿਤਾ ਅਤੇ ਪਰਿਵਾਰਕ ਮੈਂਬਰ ਇਸ ਸਫਲਤਾ ਤੋਂ ਬਹੁਤ ਖੁਸ਼ ਹਨ। ਉਨ੍ਹਾਂ ਕਿਹਾ ਕਿ ਇਹ ਸਫਲਤਾ ਨਾ ਸਿਰਫ਼ ਉਨ੍ਹਾਂ ਲਈ ਬਲਕਿ ਪੂਰੀ ਪੰਜਾਬੀ ਭਾਈਚਾਰੇ ਲਈ ਗਰਵ ਵਾਲੀ ਗੱਲ ਹੈ। ਇਟਲੀ ਵਿਚ ਵੱਸਦੇ ਪੰਜਾਬੀ ਨੌਜਵਾਨ ਹੁਣ ਵੱਖ-ਵੱਖ ਖੇਤਰਾਂ ਵਿਚ ਆਪਣੀਆਂ ਯੋਗਤਾਵਾਂ ਨਾਲ ਚਮਕ ਰਹੇ ਹਨ ਅਤੇ ਉਨ੍ਹਾਂ ਦੀ ਚੜ੍ਹਤ ਦਿਨ ਬਦਲੇ ਵਧਦੀ ਜਾ ਰਹੀ ਹੈ।

## ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਨੂੰ ਤਿੱਖੀ ਚੇਤਾਵਨੀ



ਵਾਸ਼ਿੰਗਟਨ, 7 ਅਪ੍ਰੈਲ 2026: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਇੱਕ ਵਾਰ ਫਿਰ ਤੋਂ ਸਖ਼ਤ ਚੇਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਇਰਾਨ ਮੰਗਲਵਾਰ ਰਾਤ ਤੱਕ ਹਾਰਮੁਜ਼ ਦੀ ਖਾੜੀ ਖੋਲ੍ਹਣ ਤੋਂ ਇਨਕਾਰ ਕਰਦਾ ਰਿਹਾ ਤਾਂ ਅਮਰੀਕਾ ਇਰਾਨ ਦੀਆਂ ਬਿਜਲੀ ਘਰਾਂ ਅਤੇ ਪੁਲਾਂ ਨੂੰ ਤਬਾਹ ਕਰ ਦੇਵੇਗਾ। ਇਸ ਨਾਲ ਇਰਾਨ ਵਾਸੀਆਂ ਨੂੰ ਨਰਕ ਵਰਗੀਆਂ ਹਾਲਤਾਂ ਦਾ ਸਾਹਮਣਾ ਕਰਨਾ ਪਵੇਗਾ।

ਟਰੰਪ ਨੇ ਈਸਟਰ ਦੇ ਮੌਕੇ 'ਤੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿਚ ਇਹ ਗੱਲ ਲਿਖੀ। ਉਨ੍ਹਾਂ ਨੇ ਵਲਗਰ ਭਾਸ਼ਾ ਵਰਤਦਿਆਂ ਲਿਖਿਆ, "ਮੰਗਲਵਾਰ ਇਰਾਨ ਵਿਚ ਬਿਜਲੀ ਘਰਾਂ ਅਤੇ ਪੁਲਾਂ ਦਾ ਦਿਨ ਹੋਵੇਗਾ। ਤੁਸੀਂ ਉਸ ਖਾੜੀ ਨੂੰ ਖੋਲ੍ਹੋ, ਨਹੀਂ ਤਾਂ ਤੁਸੀਂ ਨਰਕ ਵਿਚ ਰਹਿਣਗੇ। ਇਸ ਨਾਲੋਂ ਵੱਡਾ ਕੁਝ ਨਹੀਂ ਹੋਵੇਗਾ।" ਇਸ ਤੋਂ ਬਾਅਦ ਉਨ੍ਹਾਂ ਨੇ "ਪ੍ਰੇਜ਼ ਬੀ ਟੂ ਅੱਲ੍ਹਾ" ਵੀ ਲਿਖਿਆ। ਇਹ ਪੋਸਟ ਵਿਵਾਦਾਸਪਦ ਬਣ ਗਈ ਹੈ ਕਿਉਂਕਿ ਇਸ ਵਿਚ ਗਾਲ੍ਹਾਂ ਵੀ ਸ਼ਾਮਲ ਹਨ।

ਇੱਕ ਪ੍ਰੈੱਸ ਕਾਨਫਰੰਸ ਵਿਚ ਟਰੰਪ ਨੇ ਦੱਸਿਆ ਕਿ ਅਮਰੀਕਾ ਕੋਲ ਇੱਕ ਤਾਕਤਵਰ ਯੋਜਨਾ ਹੈ। ਉਨ੍ਹਾਂ ਕਿਹਾ, "ਅਸੀਂ ਇਸ ਲਈ ਤਿਆਰ ਹਾਂ ਕਿ ਇਰਾਨ ਦਾ ਹਰ ਪੁਲ ਅਗਲੀ ਰਾਤ 12 ਵਜੇ ਤੱਕ ਤਬਾਹ ਹੋ ਜਾਵੇਗਾ। ਬਿਜਲੀ ਘਰ ਭੜਕਣਗੇ, ਧਮਾਕੇ ਹੋਣਗੇ ਅਤੇ ਉਹ ਕਦੇ ਵੀ ਵਰਤੋਂ ਵਿਚ ਨਹੀਂ ਆਉਣਗੇ।" ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਪੂਰਾ ਇਰਾਨ ਇੱਕ ਰਾਤ ਵਿਚ ਖਤਮ ਕੀਤਾ ਜਾ ਸਕਦਾ ਹੈ ਅਤੇ ਉਹ ਰਾਤ ਅਗਲੀ ਹੀ ਹੋ ਸਕਦੀ ਹੈ।

ਇਸ ਸਭ ਤੋਂ ਪਿੱਛੇ ਮੁੱਖ ਕਾਰਨ ਹੈ ਹਾਰਮੁਜ਼ ਦੀ ਖਾੜੀ। ਇਹ ਖਾੜੀ ਵਿਸ਼ਵ ਦੇ ਤੇਲ ਵਪਾਰ ਲਈ ਬਹੁਤ ਮਹੱਤਵਪੂਰਨ ਹੈ। ਇਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਹਮਲਿਆਂ ਤੋਂ ਬਾਅਦ ਇਸ ਖਾੜੀ ਨੂੰ ਬੰਦ ਕਰ ਦਿੱਤਾ ਹੈ। ਇਸ ਕਾਰਨ ਵਿਸ਼ਵ ਭਰ ਵਿਚ ਤੇਲ ਦੀਆਂ ਕੀਮਤਾਂ ਵਧੀਆਂ ਹਨ ਅਤੇ ਵਪਾਰ ਪ੍ਰਭਾਵਿਤ ਹੋਇਆ ਹੈ। ਟਰੰਪ ਨੇ ਇਰਾਨ ਤੋਂ ਮੰਗ ਕੀਤੀ ਹੈ ਕਿ ਉਹ ਇਸ ਖਾੜੀ ਨੂੰ ਤੁਰੰਤ ਖੋਲ੍ਹ ਦੇਵੇ।

ਇਸ ਤੋਂ ਇਲਾਵਾ ਟਰੰਪ ਨੇ ਇੱਕ ਅਮਰੀਕੀ ਏਅਰਮੈਨ ਦੀ ਬਚਾਅ ਮਿਸ਼ਨ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇੱਕ ਅਮਰੀਕੀ ਫੌਜੀ ਨੂੰ ਇਰਾਨ ਵਿਚ ਗੋਲੀ ਲੱਗਣ ਤੋਂ ਬਾਅਦ ਤੀਬਰ ਲੜਾਈ ਵਿਚ ਬਚਾਇਆ ਗਿਆ। ਇਸ ਘਟਨਾ ਨੇ ਵੀ ਤਣਾਅ ਵਧਾਇਆ ਹੈ। ਟਰੰਪ ਨੇ ਕਿਹਾ ਕਿ ਉਹ ਯੁੱਧ ਅਪਰਾਧਾਂ ਤੋਂ ਬਿਲਕੁਲ ਨਹੀਂ ਡਰਦੇ ਅਤੇ ਸਿਵਲ ਟੀਚਿਆਂ ਬਾਰੇ ਵੀ ਕੋਈ ਪਾਬੰਦੀ ਨਹੀਂ ਰੱਖਣਗੇ।

**Cee7News** ਬੱਚੇ ਦੀ ਉਮਰ ਸਿਰਫ ਤਿੰਨ ਦਿਨ ਸੀ ਅਤੇ ਉਸ ਨੂੰ ਇਸ ਤਰ੍ਹਾਂ ਵੇਚਣਾ ਇੱਕ ਘਿਣੌਣਾ ਕੰਮ ਹੈ।

## ਫਰੀਦਕੋਟ : ਤਿੰਨ ਦਿਨਾਂ ਦਾ ਨਵਜੰਮਾ ਪੁੱਤਰ 2.25 ਲੱਖ ਰੁਪਏ ਵਿੱਚ ਵੇਚ ਦਿੱਤਾ।

ਗਰੀਬੀ ਦੀ ਮਾਰ ਝੱਲਦਿਆਂ ਫਰੀਦਕੋਟ ਦੇ ਇੱਕ ਜੋੜੇ ਨੇ ਆਪਣਾ ਤਿੰਨ ਦਿਨਾਂ ਦਾ ਨਵਜੰਮਾ ਪੁੱਤਰ 2.25 ਲੱਖ ਰੁਪਏ ਵਿੱਚ ਵੇਚ ਦਿੱਤਾ। ਇਸ ਘਟਨਾ ਨੇ ਇੱਕ ਵੱਡੇ ਅੰਤਰ-ਰਜੀ ਬੱਚਾ ਤਸਕਰੀ ਗਰੋਹ ਦਾ ਪਰਦਾਫਾਸ਼ ਕਰ ਦਿੱਤਾ ਹੈ। ਬਹਾਦਰਗੜ੍ਹ ਪੁਲੀਸ ਨੇ ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਬੱਚੇ ਨੂੰ ਸੁਰੱਖਿਅਤ ਬਚਾ ਲਿਆ। ਇਹ ਘਟਨਾ ਪੰਜਾਬ ਦੀਆਂ ਗਰੀਬੀ ਅਤੇ ਅਣਪੜ੍ਹਤਾ ਵਰਗੀਆਂ ਸਮੱਸਿਆਵਾਂ ਨੂੰ ਉਜਾਗਰ ਕਰਦੀ ਹੈ।

ਫਰੀਦਕੋਟ ਦਾ ਇਹ ਜੋੜਾ ਦਿਹਾੜੀਦਾਰ ਮਜ਼ਦੂਰ ਹੈ। ਉਨ੍ਹਾਂ ਦੇ ਪਹਿਲਾਂ ਹੀ 15 ਅਤੇ 9 ਸਾਲ ਦੇ ਦੋ ਬੱਚੇ ਹਨ। ਘਰ ਵਿੱਚ ਗੁਜ਼ਾਰਾ ਮੁਸ਼ਕਲ ਨਾਲ ਚੱਲਦਾ ਸੀ। ਤੀਜਾ ਬੱਚਾ ਅਣਚਾਹਿਆ ਸੀ। ਉਨ੍ਹਾਂ ਨੇ ਗਰਭਪਾਤ ਦਾ ਵਿਚਾਰ ਵੀ ਕੀਤਾ ਪਰ ਡਾਕਟਰਾਂ ਨੇ ਮਨ੍ਹਾ ਕਰ ਦਿੱਤਾ ਕਿਉਂਕਿ ਸਮਾਂ ਲੰਘ ਚੁੱਕਾ ਸੀ। ਗਰੀਬੀ ਦੀ ਮਾਰ ਝੱਲਦਿਆਂ ਉਨ੍ਹਾਂ ਨੇ ਆਪਣੀ ਮਜਬੂਰੀ ਇੱਕ ਸਥਾਨਕ ਵਿਅਕਤੀ ਨਾਲ ਸਾਂਝੀ ਕੀਤੀ। ਉਸ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਬੱਚੇ ਨੂੰ ਗੋਦ ਲੈਣ ਵਾਲਾ ਅਮੀਰ ਪਰਿਵਾਰ ਬਿਹਤਰ ਭਵਿੱਖ ਦੇਵੇਗਾ ਅਤੇ ਵਿੱਤੀ ਮਦਦ ਵੀ ਕਰੇਗਾ।

ਜੋੜਾ ਅਨਪੜ੍ਹ ਸੀ ਅਤੇ ਇਸ ਗੱਲ ਤੋਂ ਅਣਜਾਣ ਸੀ ਕਿ ਉਹ ਬੱਚਾ ਤਸਕਰੀ ਗਰੋਹ ਨਾਲ ਜੁੜ ਰਿਹਾ ਹੈ। ਗਰੋਹ ਦੇ ਮੈਂਬਰ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਨਾਲ ਸੰਪਰਕ ਵਿੱਚ ਸਨ। ਫਰੀਦਕੋਟ ਦੇ ਇੱਕ ਹਸਪਤਾਲ ਵਿੱਚ ਬੱਚਾ ਜਨਮਿਆ ਤਾਂ ਤਿੰਨ ਦਿਨ ਬਾਅਦ ਗਰੋਹ ਨੇ ਉਸ ਨੂੰ 2.25 ਲੱਖ ਰੁਪਏ ਵਿੱਚ ਖਰੀਦ ਲਿਆ। ਗਰੋਹ ਇਸ ਬੱਚੇ ਨੂੰ ਦਿੱਲੀ ਦੇ ਇੱਕ ਪਰਿਵਾਰ ਨੂੰ 9.25 ਲੱਖ ਰੁਪਏ ਵਿੱਚ ਵੇਚਣ ਵਾਲਾ ਸੀ। ਪਰ ਬਹਾਦਰਗੜ੍ਹ (ਝੱਜਰ, ਹਰਿਆਣਾ) ਵਿੱਚ ਪੁਲੀਸ ਨੇ ਸਮੇਂ ਤੋਂ ਪਹਿਲਾਂ ਹੀ ਕਾਰਵਾਈ ਕਰਕੇ ਬੱਚੇ ਨੂੰ ਬਚਾ ਲਿਆ।

ਬਹਾਦਰਗੜ੍ਹ ਦੇ ਡਿਪਟੀ ਕਮਿਸ਼ਨਰ ਆਫ ਪੁਲੀਸ ਮਯੰਕ ਮਿਸ਼ਰਾ ਨੇ ਦੱਸਿਆ ਕਿ ਇਹ ਗਰੋਹ ਪੰਜਾਬ ਤੋਂ ਮਹਾਰਾਸ਼ਟਰ ਤੱਕ ਫੈਲਿਆ ਹੋਇਆ ਹੈ ਅਤੇ ਦਸ ਤੋਂ ਵੱਧ ਰਾਜਾਂ ਵਿੱਚ ਸਰਗਰਮ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਗਾਜ਼ੀਆਬਾਦ ਦੇ ਸਲੀਮ ਅਤੇ ਅਖਿਲ ਤੇ ਮੁਕਤਸਰ ਦੀ ਬੀਅੰਤ ਕੌਰ ਸ਼ਾਮਲ ਹਨ। ਗਰੋਹ ਸੋਸ਼ਲ ਮੀਡੀਆ ਰਾਹੀਂ ਬੱਚਾਹੀਣ ਜੋੜਿਆਂ ਨੂੰ ਨਿਸ਼ਾਨਾ ਬਣਾਉਂਦਾ ਸੀ ਅਤੇ ਗੈਰ-ਕਾਨੂੰਨੀ ਗੋਦ ਲੈਣ ਦਾ ਝਾਂਸਾ ਦੇ ਕੇ ਧੋਖਾ ਕਰਦਾ ਸੀ।

ਇਸ ਘਟਨਾ ਨੇ ਸਮਾਜ ਵਿੱਚ ਚਰਚਾ ਛੇੜ ਦਿੱਤੀ ਹੈ। ਗਰੀਬ ਪਰਿਵਾਰਾਂ ਵਿੱਚ ਬੱਚਿਆਂ ਦੀ ਪਰਵਰਿਸ਼ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਸਰਕਾਰੀ ਯੋਜਨਾਵਾਂ ਜਿਵੇਂ ਬੇਟੀ ਬਚਾਓ ਬੇਟੀ ਪੜ੍ਹਾਓ, ਆਸ਼ਾ ਵਰਕਰਾਂ ਅਤੇ ਗਰੀਬੀ ਉਤਪਾਦਨ ਯੋਜਨਾਵਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਅਨਪੜ੍ਹਤਾ ਅਤੇ ਬੇਰੁਜ਼ਗਾਰੀ ਕਾਰਨ ਲੋਕ ਗਲਤ ਫੈਸਲੇ ਲੈ ਲੈਂਦੇ ਹਨ। ਇਸ ਤਰ੍ਹਾਂ ਦੇ ਗਰੋਹਾਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਲੋੜੀਂਦੀ ਹੈ ਤਾਂ ਜੋ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਹੋ ਸਕੇ। ਬਹਾਦਰਗੜ੍ਹ ਦੇ ਡਿਪਟੀ ਕਮਿਸ਼ਨਰ ਆਫ ਪੁਲੀਸ ਮਯੰਕ ਮਿਸ਼ਰਾ ਨੇ ਦੱਸਿਆ ਕਿ



ਇਹ ਗਰੋਹ ਪੰਜਾਬ ਤੋਂ ਮਹਾਰਾਸ਼ਟਰ ਤੱਕ ਫੈਲਿਆ ਹੋਇਆ ਹੈ ਅਤੇ ਦਸ ਤੋਂ ਵੱਧ ਰਾਜਾਂ ਵਿੱਚ ਸਰਗਰਮ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਗਾਜ਼ੀਆਬਾਦ ਦੇ ਸਲੀਮ ਅਤੇ ਅਖਿਲ ਤੇ ਮੁਕਤਸਰ ਦੀ ਬੀਅੰਤ ਕੌਰ ਸ਼ਾਮਲ ਹਨ। ਗਰੋਹ ਸੋਸ਼ਲ ਮੀਡੀਆ ਰਾਹੀਂ ਬੱਚਾਹੀਣ ਜੋੜਿਆਂ ਨੂੰ ਨਿਸ਼ਾਨਾ ਬਣਾਉਂਦਾ ਸੀ ਅਤੇ ਗੈਰ-ਕਾਨੂੰਨੀ ਗੋਦ ਲੈਣ ਦਾ ਝਾਂਸਾ ਦੇ ਕੇ ਧੋਖਾ ਕਰਦਾ ਸੀ।

ਇਸ ਘਟਨਾ ਨੇ ਸਮਾਜ ਵਿੱਚ ਚਰਚਾ ਛੇੜ ਦਿੱਤੀ ਹੈ। ਗਰੀਬ ਪਰਿਵਾਰਾਂ ਵਿੱਚ ਬੱਚਿਆਂ ਦੀ ਪਰਵਰਿਸ਼ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਸਰਕਾਰੀ ਯੋਜਨਾਵਾਂ ਜਿਵੇਂ ਬੇਟੀ ਬਚਾਓ ਬੇਟੀ ਪੜ੍ਹਾਓ, ਆਸ਼ਾ ਵਰਕਰਾਂ ਅਤੇ ਗਰੀਬੀ ਉਤਪਾਦਨ ਯੋਜਨਾਵਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਅਨਪੜ੍ਹਤਾ ਅਤੇ ਬੇਰੁਜ਼ਗਾਰੀ ਕਾਰਨ ਲੋਕ ਗਲਤ ਫੈਸਲੇ ਲੈ ਲੈਂਦੇ ਹਨ। ਇਸ ਤਰ੍ਹਾਂ ਦੇ ਗਰੋਹਾਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਲੋੜੀਂਦੀ ਹੈ ਤਾਂ ਜੋ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਹੋ ਸਕੇ।ਪੁਲੀਸ ਜਾਂਚ ਜਾਰੀ ਹੈ ਅਤੇ ਹੋਰ ਗਰੋਹ ਮੈਂਬਰਾਂ ਨੂੰ ਫੜਨ ਦੀ ਉਮੀਦ ਹੈ। ਇਸ ਘਟਨਾ ਤੋਂ ਸਬਕ ਲੈਂਦਿਆਂ ਸਮਾਜ ਨੂੰ ਗਰੀਬ ਪਰਿਵਾਰਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਬੱਚਾ ਤਸਕਰੀ ਇੱਕ ਗੰਭੀਰ ਅਪਰਾਧ ਹੈ ਜੋ ਸਮਾਜ ਦੀ ਨੈਤਿਕਤਾ ਨੂੰ ਠੇਸ ਪਹੁੰਚਾਉਂਦਾ ਹੈ। ਸਰਕਾਰ ਅਤੇ ਐਨਜੀਓਜ਼ ਨੂੰ ਇਸ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਫਰੀਦਕੋਟ ਵਰਗੀਆਂ ਘਟਨਾਵਾਂ ਤੋਂ ਬਚਣ ਲਈ ਜਾਗਰੂਕਤਾ ਮੁਹਿੰਮ ਚਲਾਉਣੀ ਲਾਜ਼ਮੀ ਹੈ।ਬੱਚੇ ਦੀ ਉਮਰ ਸਿਰਫ ਤਿੰਨ ਦਿਨ ਸੀ ਅਤੇ ਉਸ ਨੂੰ ਇਸ ਤਰ੍ਹਾਂ ਵੇਚਣਾ ਇੱਕ ਘਿਣੌਣਾ ਕੰਮ ਹੈ। ਗਰੀਬੀ ਇਨਸਾਨ ਨੂੰ ਇਸ ਹੱਦ ਤੱਕ ਲੈ ਜਾਂਦੀ ਹੈ ਕਿ ਉਹ ਆਪਣਾ ਖੂਨ ਵੀ ਵੇਚਣ ਲਈ ਮਜਬੂਰ ਹੋ ਜਾਂਦਾ ਹੈ। ਇਸ ਲਈ ਆਰਥਿਕ ਉੱਨਤੀ ਅਤੇ ਸਿੱਖਿਆ ਵੱਲ ਵਧੇਰੇ ਯਤਨ ਕੀਤੇ ਜਾਣ ਚਾਹੀਦੇ ਹਨ। ਪੰਜਾਬ ਵਰਗੇ ਰਾਜ ਵਿੱਚ ਜਿੱਥੇ ਖੇਤੀ ਅਤੇ ਮਜ਼ਦੂਰੀ ਮੁੱਖ ਆਮਦਨੀ ਹੈ, ਉੱਥੇ ਰੁਜ਼ਗਾਰ ਵਧਾਉਣ ਵਾਲੀਆਂ ਯੋਜਨਾਵਾਂ ਲਾਗੂ ਕਰਨੀਆਂ ਚਾਹੀਦੀਆਂ ਹਨ।

**Cee7 News** ਸੂਤਰਾਂ ਅਨੁਸਾਰ ਉਨ੍ਹਾਂ ਨੇ ਬੋਰਡ ਆਫ ਡਾਇਰੈਕਟਰਜ਼ ਕੋਲ ਆਪਣੀ ਸੇਵਾਮੁਕਤੀ ਦੀ ਇੱਛਾ ਪਹਿਲਾਂ ਹੀ ਜ਼ਾਹਿਰ ਕਰ ਦਿੱਤੀ ਸੀ

## ਟਾਟਾ ਸਮੂਹ ਦੀ ਮਾਲਕੀ ਵਾਲੀ ਭਾਰਤੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਮੁੰਬਈ, 7 ਅਪ੍ਰੈਲ 2026: ਟਾਟਾ ਸਮੂਹ ਦੀ ਮਾਲਕੀ ਵਾਲੀ ਭਾਰਤੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਅਤੇ ਪ੍ਰਬੰਧਕੀ ਨਿਰਦੇਸ਼ਕ ਕੈਂਪਬੈਲ ਵਿਲਸਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੂਤਰਾਂ ਅਨੁਸਾਰ ਉਨ੍ਹਾਂ ਨੇ ਬੋਰਡ ਆਫ ਡਾਇਰੈਕਟਰਜ਼ ਕੋਲ ਆਪਣੀ ਸੇਵਾਮੁਕਤੀ ਦੀ ਇੱਛਾ ਪਹਿਲਾਂ ਹੀ ਜ਼ਾਹਿਰ ਕਰ ਦਿੱਤੀ ਸੀ। ਇਸ ਤੋਂ ਬਾਅਦ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਹੋ ਗਿਆ ਹੈ। ਏਅਰ ਇੰਡੀਆ ਵੱਲੋਂ ਅਜੇ ਤੱਕ ਇਸ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

ਕੈਂਪਬੈਲ ਵਿਲਸਨ ਨਿਊਜ਼ੀਲੈਂਡ ਤੋਂ ਹਨ ਅਤੇ ਉਨ੍ਹਾਂ ਨੂੰ ਜੁਲਾਈ 2022 ਵਿੱਚ ਏਅਰ ਇੰਡੀਆ ਦਾ ਸੀਈਓ ਬਣਾਇਆ ਗਿਆ ਸੀ। ਉਸ ਵੇਲੇ ਤੁਰਕੀ ਏਅਰਲਾਈਨਜ਼ ਦੇ ਸਾਬਕਾ ਚੇਅਰਮੈਨ ਇਲਕਰ ਆਇਸੀ ਨੇ ਵਿਵਾਦਾਂ ਕਾਰਨ ਇਸ ਅਹੁਦੇ ਨੂੰ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਸੀ। ਵਿਲਸਨ ਨੂੰ ਪੰਜ ਸਾਲ ਦਾ ਕਾਰਜਕਾਲ ਦਿੱਤਾ ਗਿਆ ਸੀ, ਜੋ 2027 ਵਿੱਚ ਖਤਮ ਹੋਣਾ ਸੀ। ਉਨ੍ਹਾਂ ਦੀ ਨਿਯੁਕਤੀ ਟਾਟਾ ਗਰੁੱਪ ਵੱਲੋਂ ਏਅਰ ਇੰਡੀਆ ਨੂੰ ਸਰਕਾਰ ਤੋਂ ਖਰੀਦਣ ਤੋਂ ਬਾਅਦ ਹੋਈ ਸੀ। ਟਾਟਾ ਗਰੁੱਪ ਨੇ ਜਨਵਰੀ 2022 ਵਿੱਚ ਇਸ ਏਅਰਲਾਈਨ ਨੂੰ ਆਪਣੀ ਮਾਲਕੀ ਵਿੱਚ ਲਿਆ ਸੀ।

ਵਿਲਸਨ ਦੇ ਕਾਰਜਕਾਲ ਦੌਰਾਨ ਏਅਰ ਇੰਡੀਆ ਨੇ ਫਲੀਟ ਨੂੰ ਆਧੁਨਿਕ ਬਣਾਉਣ, ਇੰਜੀਨੀਅਰਿੰਗ ਵਿਭਾਗ ਵਿੱਚ ਸੁਧਾਰ ਅਤੇ ਹੋਰ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ। ਕੰਪਨੀ ਨੇ 191 ਹਵਾਈ ਜਹਾਜ਼ਾਂ ਦੀ ਫਲੀਟ ਵਧਾਉਣ ਲਈ 500 ਤੋਂ ਵੱਧ ਨਵੀਆਂ ਏਅਰਕ੍ਰਾਫਟਸ ਦੇ ਆਰਡਰ ਵੀ ਦਿੱਤੇ ਹਨ। ਫਿਰ ਵੀ ਏਅਰ ਇੰਡੀਆ ਨੂੰ ਲਗਾਤਾਰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। 2024-25 ਵਿੱਤੀ ਸਾਲ ਵਿੱਚ ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈੱਸ ਨੇ ਇੱਕਠੇ 98.08 ਅਰਬ ਰੁਪਏ ਦਾ ਘਾਟਾ ਦਰਜ ਕੀਤਾ।

ਪਿਛਲੇ ਸਾਲ ਅਹਿਮਦਾਬਾਦ ਤੋਂ ਲੰਡਨ ਜਾਣ ਵਾਲੀ ਏਅਰ ਇੰਡੀਆ ਉਡਾਣ ਵਿੱਚ ਵਾਪਰੇ ਦੁਖਾਂਤਮਈ ਹਾਦਸੇ ਨੇ ਵਿਲਸਨ ਨੂੰ ਭਾਰੀ ਨਿੰਦਿਆ ਦੇ ਘੇਰੇ ਵਿੱਚ ਲਿਆ ਦਿੱਤਾ। ਇਸ ਹਾਦਸੇ ਵਿੱਚ 241 ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਸੁਰੱਖਿਆ ਏਜੰਸੀਆਂ ਵੱਲੋਂ ਏਅਰ ਇੰਡੀਆ ਉੱਤੇ ਸੁਰੱਖਿਆ ਲਾਪਰਵਾਹੀਆਂ ਲਈ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ। ਰੈਗੂਲੇਟਰੀ ਅਥਾਰਟੀਆਂ ਨੇ ਏਅਰਲਾਈਨ ਨੂੰ ਏਅਰਵਰਥੀਨੈੱਸ ਸਰਟੀਫਿਕੇਟ ਤੋਂ ਬਿਨਾਂ ਉਡਾਣਾਂ ਭਰਨ ਅਤੇ ਐਮਰਜੈਂਸੀ ਉਪਕਰਣਾਂ ਦੀ ਜਾਂਚ ਨਾ ਕਰਨ ਵਰਗੀਆਂ ਗੰਭੀਰ ਲਾਪਰਵਾਹੀਆਂ ਲਈ ਡਾਂਟਿਆ ਵੀ। ਇਸ ਹਾਦਸੇ ਤੋਂ ਬਾਅਦ ਏਅਰ ਇੰਡੀਆ ਦੀ ਛਾਣਬੀਣ ਅਤੇ ਸੁਰੱਖਿਆ ਆਡਿਟ ਚੱਲ ਰਿਹਾ ਹੈ।



ਇਸ ਤੋਂ ਇਲਾਵਾ ਏਅਰ ਇੰਡੀਆ ਐਕਸਪ੍ਰੈੱਸ ਦੇ ਐਮਡੀ ਆਲੋਕ ਸਿੰਘ ਵੀ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਅਸਤੀਫ਼ਾ ਦੇ ਚੁੱਕੇ ਹਨ। ਟਾਟਾ ਗਰੁੱਪ ਨੇ ਨਵੇਂ ਸੀਈਓ ਦੀ ਭਾਲ ਜਨਵਰੀ ਤੋਂ ਹੀ ਤੇਜ਼ ਕਰ ਦਿੱਤੀ ਹੈ। ਵਿਲਸਨ ਛੇ ਮਹੀਨਿਆਂ ਦੀ ਨੋਟਿਸ ਪੀਰੀਅਡ ਪੂਰੀ ਕਰਨ ਤੱਕ ਆਪਣੀਆਂ ਡਿਊਟੀਆਂ ਨਿਭਾਉਂਦੇ ਰਹਿਣਗੇ ਅਤੇ ਨਵੇਂ ਅਹੁਦੇਦਾਰ ਦੀ ਨਿਯੁਕਤੀ ਤੱਕ ਕੰਪਨੀ ਨਾਲ ਜੁੜੇ ਰਹਿਣਗੇ।

ਏਅਰ ਇੰਡੀਆ ਵਰਤਮਾਨ ਵਿੱਚ ਭਾਰਤ ਦੀ ਦੂਜੀ ਸਭ ਤੋਂ ਵੱਡੀ ਏਅਰਲਾਈਨ ਹੈ। ਟਾਟਾ ਗਰੁੱਪ ਇਸ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਵੱਡੀ ਯੋਜਨਾ ਚਲਾ ਰਿਹਾ ਹੈ। ਨਵੀਂ ਲੀਡਰਸ਼ਿਪ ਆਉਣ ਨਾਲ ਕੰਪਨੀ ਵਿੱਚ ਤਬਦੀਲੀਆਂ ਤੇਜ਼ ਹੋਣ ਦੀ ਉਮੀਦ ਹੈ। ਉਡਾਣਾਂ ਵਿੱਚ ਦੇਰੀ, ਆਪਰੇਸ਼ਨਲ ਚੁਣੌਤੀਆਂ ਅਤੇ ਆਰਥਿਕ ਦਬਾਅ ਵਰਗੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਨਵਾਂ ਸੀਈਓ ਮਹੱਤਵਪੂਰਨ ਭੂਮਿਕਾ ਨਿਭਾਏਗਾ।

ਇਸ ਅਸਤੀਫ਼ੇ ਨਾਲ ਏਅਰ ਇੰਡੀਆ ਦੀ ਤਬਦੀਲੀ ਦੀ ਪ੍ਰਕਿਰਿਆ ਵਿੱਚ ਨਵੀਂ ਗਤੀ ਆਈ ਹੈ। ਯਾਤਰੀਆਂ ਅਤੇ ਉਦਯੋਗ ਵਿੱਚ ਇਸ ਖਬਰ ਨੇ ਚਰਚਾ ਛੇੜ ਦਿੱਤੀ ਹੈ ਕਿ ਅਗਲੀ ਲੀਡਰਸ਼ਿਪ ਕਿਵੇਂ ਏਅਰ ਇੰਡੀਆ ਨੂੰ ਮਜ਼ਬੂਤ ਬਣਾਏਗੀ। ਟਾਟਾ ਗਰੁੱਪ ਦੀ ਅਗਵਾਈ ਵਾਲੀ ਟੀਮ ਹੁਣ ਇੱਕ ਤਜਰਬੇਕਾਰ ਅਤੇ ਯੋਗ ਵਿਅਕਤੀ ਨੂੰ ਚੁਣਨ ਲਈ ਲਗਾਤਾਰ ਮਿਹਨਤ ਕਰ ਰਹੀ ਹੈ।

## ਉਹਦਾ ਦੂਰ ਜਾਣਾ ਮੈਥੋਂ ਝੱਲ ਨਾ ਹੋਇਆ, ਦੂਰੀ ਦੀ ਮਜਬੂਰੀ ਦਾ ਕੋਈ ਹੱਲ ਨਾ ਹੋਇਆ,



ਉਹਦਾ ਦੂਰ ਜਾਣਾ ਮੈਥੋਂ ਝੱਲ ਨਾ ਹੋਇਆ,
ਦੂਰੀ ਦੀ ਮਜਬੂਰੀ ਦਾ ਕੋਈ ਹੱਲ ਨਾ ਹੋਇਆ,

ਘੰਟੇ, ਮਿੰਟ, ਸੈਕਿੰਡ, ਦਿਨਾਂ ਚ ਬੀਤ ਗਏ,
ਤਪਸ ਓਹਦੀ ਵਿੱਚ ਦਿਲ ਵਾਰ ਵਾਰ ਰੋਇਆ,

ਸਮਾਂ ਵੀ ਕਿੰਨੀ ਤੇਜ਼ ਚਾਲ ਜਿਹੀ ਚੱਲਿਆ,
ਜਾਂ ਫਿਰ ਲੱਗੇ ਇੱਕ ਥਾਂ ਹੀ ਆਣ ਖਲੋਇਆ,

ਚੱਲਦੇ ਸਾਹਾਂ ਨੇ ਓਹਦਾ ਨਾਮ ਲਿਆ,
ਦੂਰ ਨਹੀਂ ਏ ਓਹ ਰੂਹ ਮੇਰੀ ਚ ਸਮੋਇਆ,

ਰਾਣੂ ਤੇਰਾ ਮੇਰਾ ਰਿਸ਼ਤਾ ਏ ਪਾਕ ਜਿਹਾ,
ਤਾਂਹੀ ਤੈਨੂੰ ਨੈਣਾ 'ਚ ਵਸਾ, ਦੁਨੀਆਂ ਤੋਂ ਲੁਕੋਇਆ... ॥

ਗੁਰਜੀਤ ਕੌਰ ਰਾਣੂ.

## ਜਿੱਥੇ ਲਾਈਏ



ਜਿੱਥੇ ਲਾਈਏ ਤੋੜ ਨਿਭਾਈਏ,
ਥਾਂ-ਥਾਂ ਦਿਲ ਭਟਕਾਈਏ ਨਾ।
ਵੈਰੀ ਭਾਵੇਂ ਮਿੱਤਰ ਬਣ ਜਾਏ,
ਉਹਦੇ ਹੱਥੋਂ ਖਾਈਏ ਨਾ।
ਕੰਮ ਕਿਸੇ ਦਾ ਬਣਦਾ ਹੋਵੇ,
ਜਾ ਕੇ ਟੰਗ ਅੜਾਈਏ ਨਾ।
ਬੱਚੇ ਦਿਲ ਦੇ ਕੋਮਲ ਹੁੰਦੇ,
ਬੱਚਿਆਂ ਨੂੰ ਦਬਕਾਈਏ ਨਾ।
ਮੱਤ ਜੋ ਪੁੱਠੀ ਦਿੰਦਾ ਹੋਵੇ,
ਉਸਨੂੰ ਕੋਲ ਬਿਠਾਈਏ ਨਾ।
ਜੋ ਪਰਿਵਾਰ'ਚ ਸੁਣ ਨਾ ਹੋਵੇ,
ਗੀਤ ਅਜਿਹਾ ਗਾਈਏ ਨਾ।
ਜੋ ਵੀ ਖਾਣਾ ਹੱਕ ਦਾ ਖਾਈਏ,
ਹੋਰਾਂ ਦਾ ਹੱਕ ਖਾਈਏ ਨਾ।
ਗੁਰੂ ਦੀ ਗੋਲਕ ਵਾਲਾ ਪੈਸਾ,
ਘਰ ਦੇ ਵਿੱਚ ਲਿਆਈਏ ਨਾ।
ਆਪਣੇ ਦਾਇਰੇ ਦੇ ਵਿੱਚ ਰਹੀਏ,
ਚੰਨ ਨੂੰ ਟਾਕੀ ਲਾਈਏ ਨਾ।
ਆਹ ਨ੍ਹੀਂ ਕੀਤਾ ਅ ੋਹ ਨ੍ਹੀਂ ਕੀਤਾ,
ਮਾਪਿਆਂ ਨੂੰ ਜਿਤਲਾਈਏ ਨਾ।
ਦੂਜੇ ਦੇ ਘਰ ਜਾ ਕੇ 'ਨਾਗਰਾ'
ਰੰਗ ਦੇ ਵਿੱਚ ਭੰਗ ਪਾਈਏ ਨਾ।
ਜਸਪਾਲ ਸਿੰਘ ਨਾਗਰਾ' ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
+13604481989

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਬਕਵਾਸ...**

ਬਕਵਾਸ ਕਰਦੇ ਰਹਿਣ ਵਾਲਾ ਇੱਕ ਦਿਨ ਬਿਲਕੁੱਲ ਇਕੱਲਾ ਰਹਿ ਜਾਂਦੈ। ਪਛਤਾਵੇ ਦੀ ਅੱਗ 'ਚ ਵੱਖਰਾ ਝੁਲਸਦੈ॥ ਨਾਹ ਪੱਖੀ ਰਵੱਈਆ ਰੱਖ ਵਿਰੋਧੀ ਸੁਰ 'ਚ ਉੱਚੀ ਉੱਚੀ ਬੋਲਦੇ ਰਹਿਣਾ ਬਕਵਾਸ ਹੀ ਤਾਂ ਹੁੰਦੈ। ਸਿਆਣਾ ਵਿਅਕਤੀ ਵਿਰੋਧ ਕਰਨ ਦੀ ਬਜਾਏ ਖੁੱਦ ਦੇ ਨੁਕਸ ਕੱਢਣ 'ਚ ਵਿਸ਼ਵਾਸ ਰੱਖਦੈ॥ ਖੁੱਦ ਅੰਦਰ ਝਾਕਣਾ ਸ਼ੁਰੂ ਕਰੋ। ਸਿਰਜਣਾ ਵਾਲੇ ਕਾਰਜਾਂ ਵੱਲ ਮੂੰਹ ਕਰੋ। ਬਕਵਾਸ ਕਰਨ ਲਈ ਵਕਤ ਹੀ ਨਹੀਂ ਬਚੇਗਾ॥

**ਮਿਹਰ ...**

ਇਮਾਨਦਾਰੀ ਨਾਲ ਮਿਹਰ ਦਾ ਵਧਾਇਆ ਇੱਕ ਹੱਥ ਅਨੇਕਾ ਹੱਥਾਂ ਨੂੰ ਸੱਦਾ ਦਿੰਦੈ। ਮੱਦਦ ਲਈ ਮਿਹਰ ਦੇ ਹੱਥਾਂ ਦਾ ਕਾਫਲਾ ਬਣਦਾ ਜਾਵੇਗਾ॥ ਮਨ ਸਾਫ਼, ਹਾਂ ਪੱਖੀ ਰਵੱਈਆ ਤੇ ਮੁਹੱਬਤ ਭਰੇ ਨਜ਼ਰੀਏ ਨਾਲ ਜ਼ਿੰਦਗੀ ਜੀਣਾ ਸ਼ੁਰੂ ਕਰੋ। ਮਿਹਰਾਂ ਦੀ ਬੌਛਾੜ ਹੋਣ ਲੱਗ ਪਵੇਗੀ॥ ਨੀਤ ਸਾਫ਼ ਰੱਖ ਕਾਰਜ ਕਰਦਿਆਂ ਓਸ ਦੀ ਰਜ਼ਾ 'ਚ ਰਹੋ। ਫ਼ਲ ਦੀ ਚਿੰਤਾ ਓਸੇ 'ਤੇ ਛੱਡੋ। ਮਿਹਰਾਂ ਦੀ ਕਦੀ ਕਮੀ ਨਹੀਂ ਰਹੇਗੀ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# 1984 ਦੇ ਦਿੱਲੀ ਕਤਲੇਆਮ ਤੋਂ ਬਾਅਦ ਇੱਕ ਕਵਿਤਾ ਨੇ ਉਸ ਦਰਦ ਨੂੰ ਐਸਾ ਬਿਆਨ ਕੀਤਾ ਕਿ ...........



1984 ਦੇ ਦਿੱਲੀ ਕਤਲੇਆਮ ਤੋਂ ਬਾਅਦ ਇੱਕ ਕਵਿਤਾ ਨੇ ਉਸ ਦਰਦ ਨੂੰ ਐਸਾ ਬਿਆਨ ਕੀਤਾ ਕਿ ਤਕਰੀਬਨ ਹਰ ਪੰਜਾਬੀ ਨੇ ਤਾਂ ਕੀ, ਹਰ ਇਨਸਾਨ ਨੇ ਜੋ ਉਸ ਕਵਿਤਾ ਵਿਚਲੀ ਪੀੜ ਨੂੰ ਸਮਝ ਸਕਦਾ ਸੀ, ਉਹ ਕਵਿਤਾ ਸੁਣੀ ਵੀ ਤੇ ਅੱਥਰੂ ਵੀ ਵਹਾਏ।
ਬਹੁਤ ਘੱਟ ਲੋਕਾਂ ਨੂੰ ਉਸ ਕਵਿਤਾ ਦੇ ਲੇਖਕ ਦਾ ਨਾਂ ਪਤਾ ਹੋਵੇਗਾ।
ਆਪਾਂ ਪਹਿਲਾਂ ਉਹ ਕਵਿਤਾ ਦੇਖਦੇ ਆਂ!-:

ਅਜੇ ਬਾਲ ਨਾ ਬਨੇਰਿਆਂ 'ਤੇ ਮੋਮਬੱਤੀਆਂ
ਲੰਘ ਜਾਣ ਦੇ ਤੂੰ ਸ਼ਹਿਰ 'ਚੋਂ ਹਵਾਵਾਂ ਤੱਤੀਆਂ ।
ਬੂਹੇ ਉੱਤੇ ਸ਼ਰਮਿੰਦਗੀ ਦੇ ਦਾਗ ਰਹਿਣ ਦੇ
ਬਦਨਾਮ ਰਾਜਨੀਤੀ ਦੇ ਸੁਰਾਗ ਰਹਿਣ ਦੇ
ਆਉਣ ਵਾਲਿਆਂ ਨੇ ਅੱਜ ਦਾ ਕਸੂਰ ਲੱਭਣੈ
ਇਹਨਾਂ ਘਰਾਂ ਵਿੱਚ ਬੁੱਝੇ ਹੋਏ ਚਿਰਾਗ ਰਹਿਣ ਦੇ
ਕਿੱਥੇ ਜਾਏਂਗਾ, ਦਿਸ਼ਾਵਾਂ ਸੱਭੇ ਲਹੂ ਰੱਤੀਆਂ
ਅਜੇ ਬਾਲ ਨਾ ਬਨੇਰਿਆਂ 'ਤੇ,,,,!
ਸੁੱਚੀ ਰੱਤ ਨਾਲ ਪੋਚੀ ਹੋਈ ਥਾਂ ਰਹਿਣ ਦੇ
ਇਹਨਾਂ ਕੰਧਾਂ ਉੱਤੇ ਉਕਰੇ ਹੋਏ ਨਾਂ ਰਹਿਣ ਦੇ
ਕੁੱਝ ਸਾਜਿਸ਼ਾਂ ਦੇ ਮਾਰੇ ਹੋਏ ਗਰਾਂ ਰਹਿਣ ਦੇ
ਐਵੇਂ ਭਾਲ ਨਾ ਖ਼ਿਜ਼ਾਵਾਂ ਵਿੱਚੋਂ ਫੁੱਲ ਪੱਤੀਆਂ
ਅਜੇ ਬਾਲ ਨਾ ਬਨੇਰਿਆਂ 'ਤੇ,,,!
ਸੂਹਾ ਬੂਰ ਤਲਵਾਰਾਂ ਉੱਤੋਂ ਝੜ ਜਾਣ ਦੇ
ਗੁੱਸਾ ਥੋਥਿਆਂ ਵਿਚਾਰਾਂ ਤੋਂ ਵੀ ਝੜ ਜਾਣ ਦੇ
ਜਿਹੜੇ ਘਰਾਂ ਉੱਤੇ ਲਹੂ ਦੇ ਨਿਸ਼ਾਨ ਲੱਗੇ ਨੇ
ਉਹ ਨਿਸ਼ਾਨ ਵੀ ਦੀਵਾਰਾਂ ਉੱਤੋਂ ਝੜ ਜਾਣ ਦੇ
ਕਾਲੀ ਰੁੱਤ ਨੇ ਸੁਗੰਧਾਂ ਕੁੱਲ ਸਾੜ ਘੱਤੀਆਂ
ਅਜੇ ਬਾਲ ਨਾ ਬਨੇਰਿਆਂ 'ਤੇ,,,,!
ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ
ਉਦੋਂ ਤੇਗ ਤਲਵਾਰ ਵੀ ਮਿਆਨ ਨਾ ਰਹੇ
ਐਸੀ ਵਗੀ ਏ ਹਵਾ, ਅਸੀਂ ਅੱਖੀਂ ਦੇਖਿਆ
ਜਿੰਦ ਜਾਨ ਕਹਿਣ ਵਾਲੇ ਜਿੰਦ ਜਾਨ ਨਾ ਰਹੇ
ਨਹੀਂ ਰੁਕੀਆਂ ਹਵਾਵਾਂ ਅਜੇ ਮਾਣ ਮੱਤੀਆਂ
ਅਜੇ ਬਾਲ ਨਾ ਬਨੇਰਿਆਂ 'ਤੇ,,,,

ਇਸ ਕਵਿਤਾ ਦੇ ਕਵੀ ਹਨ ਤਾਰਾ ਸਿੰਘ ਉਰਫ ਤਾਰਾ ਸਿੰਘ ਕਾਮਿਲ ਜੋ 1929 ਵਿੱਚ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਹੁੱਕਰਾਂ ਚ ਜਨਮੇ, ਪੜ੍ਹਾਈ ਲਈ ਘਰੇਲੂ ਆਰਥਿਕ ਹਾਲਤ ਸਾਜਗਾਰ ਨਹੀਂ ਸਨ ਪੰਜਾਬ ਛੱਡ ਕੇ ਦਿੱਲੀ ਆ ਚਲੇ ਗਏ ਤੇ ਦਿੱਲੀ ਆ ਕੇ ਆਪਣਾ ਖਾਨਦਾਨੀ ਕੰਮ ਪੂਸਾ ਰੋਡ 'ਤੇ ਫਰਨੀਚਰ ਦੀਆਂ ਦੁਕਾਨਾਂ ਤੇ ਆਰੀ, ਰੰਦਾ, ਤੇਸਾ ਤੇ ਹਥੋੜੀ ਚਲਾ ਕੇ ਗੁਜ਼ਾਰਾ ਕਰਨਾ ਸ਼ੁਰੂ ਕਰ ਦਿੱਤਾ।
ਪਰ ਮਿਸਤਰੀ ਤਾਰਾ ਸਿੰਘ ਦੇ ਅੰਦਰ ਤਾਂ ਇਕ ਬਹੁਤ ਸੂਖਮ ਕਵੀ ਬੈਠਾ ਹੋਇਆ ਸੀ। ਹੌਲੀ ਹੌਲੀ ਉਸਦੀ ਕਵਿਤਾ ਪ੍ਰਸਿੱਧ ਹੋ ਗਈ। ਉਹ 1962 ਵਿੱਚ ਦਿੱਲੀ ਤੋਂ ਛੱਪਦੇ ਰੋਜਾਨਾ ਅਖਬਾਰ "ਖਾਲਸਾ ਸੇਵਕ" ਦਾ ਸੰਪਾਦਕ ਬਣ ਗਿਆ। ਇਸ ਦੌਰਾਨ ਉਸਦੀਆਂ "ਸਿੰਮਦੇ ਪੱਥਰ"- "ਮੇਘਲੇ" "ਕਹਿਕਸ਼ਾਂ" "ਡੋਲਦੇ ਪਾਣੀ" ਅਤੇ"ਸੂਰਜ ਦਾ ਲੈਟਰ ਬਾਕਸ" ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਉਹਨਾਂ ਦੇ ਲਿਖੇ ਹੋਏ ਕੁੱਝ ਗੀਤ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੀਆਂ ਆਵਾਜ਼ਾਂ ਵਿੱਚ ਵੀ ਰਿਕਾਰਡ ਹੋਏ।
ਤਾਰਾ ਸਿੰਘ ਨੇ ਸਾਰੀ ਉਮਰ ਗਰੀਬੀ 'ਚ ਈ ਕੱਢੀ। ਇਕ ਵਾਰੀ ਉਸ ਸਮੇ ਦੇ ਰਾਸ਼ਟਰਪਤੀਆਂ ਗਿਆਨੀ ਜ਼ੈਲ ਸਿੰਘ ਨੇ ਕੁੱਝ ਪੰਜਾਬੀ ਧਨਾਢਾਂ ਨੂੰ ਕਹਿ ਕੇ ਤਾਰਾ ਸਿੰਘ ਨੂੰ ਇੱਕ ਕਾਰ ਭੇਂਟ ਕਰਵਾ ਦਿੱਤੀ ਤਾਂ ਕਿਸੇ ਦੋਸਤ ਨੇ ਸ਼ਰਾਰਤੀ ਉਸਨੂੰ ਪੁੱਛਿਆ ਕਿ 'ਤਾਰਾ ਸਿਆਂ ਆਹ ਚਿੱਟਾ ਹਾਥੀ ਕਿਓਂ ਬੰਨ੍ਹ ਲਿਆ ਈ। ਕਾਰ ਤਾਂ ਆ ਗਈ ਪੈਟਰੋਲ ਕਿੱਥੋਂ ਲਿਆਵੇਂਗਾ।' ਤਾਂ ਅੱਗੋਂ ਤਾਰਾ ਸਿੰਘ ਨੇ ਆਖਿਆ 'ਜਿਵੇਂ ਕਾਰ ਮੰਗ ਲਈ ਏ ਐਦਾਂ ਈ ਪੈਟਰੋਲ ਵੀ ਮੰਗ ਲਊਂ!'
ਅੰਤ 1993 ਵਿੱਚ ਪੰਜਾਬ ਦੇ ਇਸ ਕੋਮਲ ਹਿਰਦੇ ਵਾਲੇ ਕਵੀ ਨੇ ਦਿੱਲੀ ਵਿੱਚ ਆਖਰੀ ਸਾਹ ਲਿਆ। ਬੇਸ਼ਕ ਤਾਰਾ ਸਿੰਘ ਕਾਮਿਲ ਆਰਥਿਕ ਪੱਖੋਂ ਗਰੀਬ ਰਿਹਾ! ਬੇਸ਼ਕ ਉਹ ਅਕਾਦਮਿਕ ਵਿੱਦਿਆ ਪੱਖੋਂ ਊਣਾਂ ਰਿਹਾ ਪਰ ਉਸਦੀਆਂ ਲਿਖਤਾਂ 'ਤੇ ਮਾਹਾਂਵਿਦਿਆਂ ਵਿੱਚ ਕਿਸੇ ਦਿਨ ਵਿਦਿਆਰਥੀ ਪੀ. ਐਚ. ਡੀ.ਕਰਿਆ ਕਰਨਗੇ।
ਅਸ਼ੋਕ ਬਾਂਸਲ ਮਾਨਸਾ।

## ਹਰ ਜਗ੍ਹਾ ਰਾਜਨੀਤਕ ਖਿਲਾਰਾ ਹੀ ਦਿਸਦਾ ਮੈਨੂੰ ਅੱਜ-ਕੱਲ੍ਹ



ਹਰ ਜਗ੍ਹਾ ਰਾਜਨੀਤਕ ਖਿਲਾਰਾ ਹੀ ਦਿਸਦਾ ਮੈਨੂੰ ਅੱਜ-ਕੱਲ੍ਹ। ਮੈਂ ਕਈ ਵਾਰੀ ਵੇਖਿਆ ਕਿ ਅਸੀਂ ਰਾਜਨੀਤੀ ਨਾ ਕਰਦੇ ਹੋਏ ਵੀ ਕਿਸੇ ਰਾਜਨੇਤਾ ਤੋਂ ਘੱਟ ਨਹੀਂ। ਜਿਵੇਂ ਉਹ ਕਿਸੇ ਵਿਸ਼ੇਸ਼ ਤਬਕੇ ਤੇ ਮੁੱਠੀ ਭਰ ਲੋਕਾਂ ਨੂੰ ਹਾਈ ਪ੍ਰੋਫਾਈਲ ਬਣਾਉਣ ਵਿੱਚ ਲੱਗੇ ਹੁੰਦੇ ਹਨ,

ਆਪਣੇ ਆਲੇ ਦੁਆਲੇ ਨਜ਼ਰ ਮਾਰ ਕੇ ਦੇਖੋ, ਘਰ ਪਰਿਵਾਰ , ਕੰਮ ਕਾਰ ਦੀ ਜਗ੍ਹਾ ਹਰ ਥਾਂ ਤੇ ਤੁਹਾਨੂੰ ਵੀ ਇਹੀ ਨਜ਼ਰ ਆਵੇਗਾ। ਗੌਰ ਨਾਲ ਵੇਖਿਓ ਕੋਈ ਇੱਕ ਬੰਦਾ ਕਿਸੇ ਇੱਕ ਖਾਸ ਤਬਕੇ ਨੂੰ ਕਿਸੇ ਖ਼ਾਸ ਵਿਅਕਤੀ ਨੂੰ ਉਹਦੀਆਂ ਜਰੂਰਤਾਂ ਨੂੰ ਸਮਝਣ ਅਤੇ ਪੂਰਾ ਕਰਨ ਦੇ ਵਿੱਚ ਲੱਗਿਆ ਨਜ਼ਰੀ ਪਵੇਗਾ 'ਤੇ ਕਿਸੇ ਹੋਰ ਦੀਆਂ ਨੂੰ ਦਰਕਿਨਾਰ। ਦੂਜੇ ਬੰਦੇ ਦੀਆਂ ਵੀ ਉਹੀ ਜ਼ਰੂਰਤਾਂ ਹੋ ਸਕਦੀਆਂ ਹਨ । ਉਹਨੂੰ ਵੀ ਉਹਨਾਂ ਜ਼ਰੂਰਤਾਂ ਦੀ ਕਮੀ ਮਹਿਸੂਸ ਹੋ ਸਕਦੀ ਹੈ ਪਰ ਉਹਨੂੰ bare minimum ਵਿੱਚ ਸੰਤੁਸ਼ਟ ਹੋਣ ਲਈ ਕਿਹਾ ਜਾਂਦਾ ਏ ਸਮਝਾਇਆ ਜਾਂਦਾ ਹੈ। ਪਤਾ ਨਹੀਂ ਕਿਉਂ ਕਿਸੇ ਦੀਆਂ ਜ਼ਰੂਰਤਾਂ/ ਭਾਵਨਾਵਾਂ/ਖ਼ਾਹਿਸ਼ਾਂ ਦੀ ਕੋਈ ਹੱਦ ਹੀ ਨਹੀਂ। ਫਿਰ ਹੌਲੀ ਹੌਲੀ ਬੰਦਾ ਜਿਵੇਂ ਰਾਜਨੀਤਕ ਪਾਰਟੀਆਂ ਤੋਂ ਅੱਕ ਥੱਕ ਕੇ ਬਹਿ ਜਾਂਦਾ, ਆਪ ਹੀ ਧੱਕੇ ਖਾ ਕੇ ਆਪਣੇ ਕੰਮ ਕਰਨੇ ਸ਼ੁਰੂ ਕਰ ਦਿੰਦਾ ਉਵੇਂ ਹੀ ਫ਼ਿਰ ਬੰਦਾ ਆਪ ਹੀ ਸਵਾਲ ਕਰਕੇ ਆਪ ਹੀ ਜਵਾਬ ਲੱਭਣ ਲੱਗ ਜਾਂਦਾ। ਫਿਰ ਉਸ ਨੂੰ ਆਪਣੀਆਂ ਜ਼ਰੂਰਤਾਂ ਤੇ ਖਾਹਿਸ਼ਾਂ ਦੀ ਮੈਨੇਜਮੈਂਟ ਆਪ ਹੀ ਕਰਨੀ ਆ ਜਾਂਦੀ ਹੈ। ਕਿਸੇ ਦੂਸਰੇ ਦੀ ਬਹੁਤੀ ਜ਼ਰੂਰਤ ਨੀਂ ਰਹਿੰਦੀ । ਇਥੇ ਤਾਂ ਵੋਟਾਂ ਵੇਲੇ ਚੋਣ ਪ੍ਰਚਾਰ ਕਰ ਕਰ ਕੇ ਬੰਦੇ ਨੂੰ ਜਗਾਇਆ ਜਾਂਦਾ, ਘਰੋਂ ਲੈ ਕੇ ਆਇਆ ਜਾਂਦਾ, ਸਿਰਫ ਵੋਟਾਂ ਦੇ ਮਾਰੇ ਕਿ ਵੋਟ ਪਾ ਕੇ ਆਓ ਪਰ ਜਦੋਂ ਬੰਦਾ ਇਸ ਪ੍ਰਵਿਰਤੀ ਦਾ ਹੋ ਜਾਵੇ ਫਿਰ ਚਾਹੇ ਜਿੰਨੇ ਮਰਜ਼ੀ ਨਾਅਰੇ ਲਗਾਈ ਜਾਓ, ਜਿੰਨੇ ਮਰਜ਼ੀ ਉਹਨੂੰ ਆਪਣੇ ਵੱਲ ਦੁਬਾਰਾ ਤੋਂ ਪੈਰ ਪੁੱਟਣ ਲਈ ਆਖਦੇ ਰਹੋ ,ਉਹ ਗੱਲ ਨਹੀਂ ਬਣਦੀ।

ਰਾਜਨੀਤੀ ਹਰ ਥਾਂ
ਰਾਜਨੇਤਾ ਹਰ ਬੰਦਾ
ਆਹੋ! ਇਹ ਲੀਡਰ ਵੀ ਅਸੀਂ, ਇਹਨਾਂ ਨੂੰ ਬਣਾਉਣ ਵਾਲੇ ਵੀ ਅਸੀਂ
ਮੁਹੱਬਤ ਵਾਲੇ ਵੀ ਅਸੀਂ 'ਤੇ ਦਿਲ ਤੋੜਨ ਵਾਲੇ ਵੀ ਅਸੀਂ।
ਮੁਹੱਬਤ ਦੀ ਸਿਆਸਤ ਜਾਂ ਸਿਆਸਤ ' ਮੁਹੱਬਤ?
ਚਲੋ ਛੱਡੋ!
ਖ਼ੈਰ! ਹੱਸਦੇ- ਵੱਸਦੇ ਰਹੋ!
ਜਸ ਜੀਤ ❤️

## ਵਿਸ਼ਵ ਸਿਹਤ ਦਿਵਸ (ਰਮਨਦੀਪ ਕੌਰ ਬਟਾਲਾ)



ਕਹਿੰਦੇ ਸਿਹਤ ਹੈ ਅਣਮੋਲ ਖਜ਼ਾਨਾ
ਚੰਗਾ ਖਾਣ ਲਈ ਨਾ ਕੋਈ ਬਹਾਨਾ।

ਤੰਦਰੁਸਤੀ ਵਰਗਾ ਰਾਜ਼ ਨਾ ਕੋਈ
ਬਜ਼ਾਰੋ ਮਿਲਦੀ ਚੰਗੀ ਚੀਜ਼ ਨਾ ਕੋਈ।
ਆਰਗੈਨਿਕ ਖੇਤੀ ਨੂੰ ਅਪਣਾਈਏ
ਖਾਦ ਦਵਾਈਆਂ ਖੇਤਾਂ ਨੂੰ ਨਾ ਪਾਈਐ।
ਦੇਖੋ ਦੇਖੀ ਖਾਣ ਪੀਣ ਵਿਗੜਦਾ ਜਾਵੇ।
ਅੰਦਰੋਂ ਅੰਦਰੀਂ ਬੰਦਾ ਸੁੰਘੜਦਾ ਜਾਵੇ।
ਸ਼ੁਗਰ, ਕੈਂਸਰ ਨੇ ਪੰਜਾਬ ਖ਼ਾ ਲਿਆ।
ਬਾਜ਼ਾਰੀ ਚੀਜ਼ਾਂ ਨਾਲ ਵਾਹ ਪਾ ਲਿਆ।
ਘਰ ਦੀ ਰੋਟੀ ਦਾਲ ਬਰਾਬਰ ਕਹਿਣ ਸਿਆਣੇ
ਉਸ ਰੋਟੀ ਨੂੰ ਟਿੱਚ ਜਾਣਦੇ ਅੱਜ ਦੇ ਨਿਆਣੇ।
ਗੁੜ ,ਗੰਨੇ, ਕੱਚੀਆਂ ਸ਼ਬਜੀਆਤੋਂ ਕੰਨ ਕਤਰਾਉਂਦੇ
ਪੀਜਾ ,ਡੋਸੇ, ਨਿਊਡਲ,ਟਿੱਕੀਆਂ ਨੇ ਮੰਗਵਾਂਉਂਦੇ।
ਡਾਕਟਰ ਵੀ ਅੱਜ ਕੱਲ ਦੇ ਬਣੇ ਮਹਾਨ ਵਿਗਿਆਨੀ
ਦੁੱਧ ,ਦਹੀ,ਦੇਸੀ ਘਿਉ ਦੀ ਮੁਕਾ ਚੱਲੇ ਕਹਾਣੀ।
ਨਾ ਸਿਹਤਾ ,ਨਾ ਵਰਜਿਸ਼, ਕਿਹੜੇ ਕੰਮ ਤੇ ਧੰਦੇ ਨੇ
ਸਾਰਾ ਕੁਝ ਮਸ਼ੀਨੀ ਹੋ ਗਿਆ, ਰੋਗੀ ਬਣਗੇ ਬੰਦੇ ਨੇ।

ਲੰਘੀ ਰਾਤ ਤੱਕ ਫੋਨ ਨਾ ਛੱਡਦੇ ਵਿਗੜੀ ਨਵੀਂ ਪਨੀਰੀ
ਪੱਠੇ ਪਾਵੇ,ਦੁੱਧ ਚੋਵੇ ਤੇ ਲੈ ਕੇ ਜਾਵੇ, ਰੱਖਿਆ ਘਰ ਦਾ ਸੀਰੀ ਜੀ।

ਸੁਆਣੀਆਂ ਨੇ ਚੌਂਕੇ ਛੱਡ ਦਿੱਤੇ,ਛੱਡ ਦਿੱਤੀ ਮਧਾਣੀ।
ਪੈਦਲ ਚੱਲ ਕੇ ਖੇਤਾਂ ਵਿੱਚ ਰੋਟੀ ਲੈ ਕੇ ਜਾਵੇ ਨਾ ਸੁਆਣੀ।

ਖੜ੍ਹੇ ਹੋ ਹੋ ਸਾਰੇ ਕੰਮ ਕਰਨੇ ਪੈਂਦੇ,ਸਰਵਾਈਕਲ ਨੇ ਹੈ ਜ਼ੋਰ ਪਾਇਆ।
ਸੈਰ ਕਰਨ ਨੂੰ ਬੇਬੇ ਬਾਪੂ ਜਾਵੇ,ਡਾਕਟਰ ਨੇ ਹੈ ਕੰਮੇ ਲਾਇਆ।

ਹੱਥੀਂ ਕੰਮ ਦੀ ਰੀਸ ਨਾ ਕੋਈ ,ਨਿਕੰਮੇ ਨਾ ਬਣ ਜਾਈਐ
ਬਾਬੇ ਨਾਨਕ ਨੇ ਵੀ ਕਿਰਤ ਕਰਨ ਲਈ ਪਾਇਆ ਸਿੱਧੇ ਰਾਹੈ।
ਰਮਨਦੀਪ ਕੌਰ
ਬਟਾਲਾ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਡੀ ਸੀ ਦੀ ਰਿਹਾਇਸ਼ ਦੇ ਨੇੜੇ ਸ਼ੇਰੋ ਖੰਡ ਮਿਲ ਵਿਖੇ ਕਿਸਾਨਾਂ ਨੇ ਲਗਾਇਆ ਧਰਨਾ



ਗਵਰਨਰ ਪੰਜਾਬ ਦੇ ਨਾ ਡੀ ਸੀ ਦਫਤਰ ਤਰਨ ਤਾਰਨ ਰਾਹੀਂ ਭੇਜਿਆ ਮੰਗ ਪੱਤਰ |

ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ,06 ਮਾਰਚ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਤੇ ਜ਼ਿਲ੍ਹਾ ਪੱਧਰ ਤੇ ਸੂਬੇ ਦੀਆਂ ਮੰਗਾਂ ਲਈ ਤਰਨ ਤਾਰਨ ਵਿਖੇ ਡੀ ਸੀ ਦੀ ਰਿਹਾਇਸ਼ ਦੇ ਨੇੜੇ ਸ਼ੇਰੋ ਖੰਡ ਮਿਲ ਵਿਖੇ ਕਿਸਾਨਾਂ ਨੇ ਵਿਸ਼ਾਲ ਧਰਨਾ ਦਿੱਤਾ। ਧਰਨੇ ਲਈ ਵੱਡੀ ਤਦਾਦ ਵਿੱਚ ਪਿੰਡਾਂ ਤੋਂ ਕਿਸਾਨ ਤੇ ਮਜ਼ਦੂਰ ਵੱਖ-ਵੱਖ ਸਥਾਨ ਜਥੇਬੰਦੀਆਂ ਦੇ ਆਗੂ ਸ਼ਾਮਿਲ ਹੋਏ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ

ਅਮੋਲਕ ਸਿੰਘ ਗੋਰਖਾ, ਸੁਖਚੈਨ ਸਿੰਘ ਸਰਹਾਲੀ,ਕੇਵਲ ਸਿੰਘ ਕੰਬੋਕੇ, ਦਵਿੰਦਰ ਸੋਹਲ, ਤਰਸੇਮ ਸਿੰਘ ਲੁਹਾਰ,ਮੇਹਰ ਸਿੰਘ ਸਖੀਰਾ, ਜੱਸਾ ਸਿੰਘ ਕੱਦਗਿੱਲ,ਮਨਜੀਤ ਸਿੰਘ, ਲਖਬੀਰ ਸਿੰਘ ਨਿੱਝਰ, ਇੰਦਰਜੀਤ ਸਿੰਘ ਮਰਹਾਣਾ ਤੇ ਚਮਨ ਲਾਲ ਦਰਾਜਕੇ ਤੋ ਇਲਾਵਾ ਕਿਸਾਨ ਆਗੂਆਂ ਭੁਪਿੰਦਰ ਸਿੰਘ ਪੰਡੋਰੀ, ਹਰਜਿੰਦਰ ਸਿੰਘ ਟਾਂਡਾ, ਨਛੱਤਰ ਸਿੰਘ ਪੰਨੂ, ਮੇਜਰ ਸਿੰਘ ਭਿੱਖੀਵਿੰਡ, ਮਹਾਂਬੀਰ ਸਿੰਘ ਗਿੱਲ,ਪਰਗਟ ਸਿੰਘ ਮਹਿੰਦੀਪੁਰ, ਬਾਬਾ ਸੁਲੱਖਣ ਸਿੰਘ ਮੁੰਢਾਲਾ, ਗੁਰਚਰਨ ਸਿੰਘ ਸਭਰਾ, ਜਰਨੈਲ ਸਿੰਘ ਬੱਠੇਭੈਣੀ, ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਨਾਲ ਬਹੁਤ ਵੱਡਾ ਵਿਤਕਰਾ ਹੋਇਆ ਹੈ ।ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਜੋ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਹੀ ਬਣੀ ਸੀ। ਉਹ ਪੰਜਾਬ ਨੂੰ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਪੰਜਾਬ ਦੀ ਸਭ ਤੋਂ ਵੱਡੀ ਨਿਆਮਤ ਦਰਿਆਈ ਪਾਣੀ ਪੰਜਾਬ ਨੂੰ ਕਦੀ ਵੀ ਪੂਰਾ ਨਹੀਂ ਮਿਲਿਆ। ਪੰਜਾਬ ਦੀ ਵਰਤੋਂ ਤੋਂ ਵੱਧ ਦੂਜੀਆਂ ਰਾਜਾ ਨੂੰ ਪਾਣੀ ਦਿੱਤਾ ਜਾ ਰਿਹਾ ਹੈ ।ਰਾਜਸਥਾਨ ਨੂੰ ਵੱਡੀ ਮਾਤਰਾ ਵਿੱਚ ਪਾਣੀ ਬਿਨਾਂ ਕੁਝ ਲਿਆਂ ਮੁਫ਼ਤ ਦਿੱਤਾ ਜਾ ਰਿਹਾ ਹੈ। ਜੋ ਕਿ ਪੰਜਾਬ ਨਾਲ ਬਹੁਤ ਵੱਡਾ ਧੱਕਾ ਹੈ। ਜਦੋਂ ਕਿ ਕਿਸੇ ਵੀ ਰਾਜ ਦੀ ਦੌਲਤ ਦੂਜੀ ਸਟੇਟ ਨੂੰ ਦਿੱਤੀ ਜਾਵੇ ਤਾਂ ਉਹਦਾ ਮੁੱਲ ਮਿਲਣਾ ਲਾਜ਼ਮੀ ਹੈ ।ਪੰਜਾਬੀ ਬੋਲੀ ਨੂੰ ਵੀ ਅੱਜ ਤੱਕ ਬਣਦਾ ਮਾਣ ਨਹੀਂ ਮਿਲਿਆ। ਉਨ੍ਹਾਂ ਮੰਗ ਕੀਤੀ ਗਈ ਇਹ ਬਿਜਲੀ ਬਿੱਲ 2025 ਬੀਜ ਬਿੱਲ 2025 ਅਤੇ ਨਵੀਂ ਸਿੱਖਿਆ ਨੀਤੀ ਵਾਪਸ ਲਈ ਜਾਵੇ, ਕਿਉਂਕਿ ਇਹ ਸਭ ਕੁਝ ਲੋਕਾਂ ਦੇ ਵਿਰੁੱਧ ਹੈ ਅਤੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਹੈ ।

ਇਸ ਮੌਕੇ ਕਿਸਾਨ ਆਗੂਆਂ ਇਹ ਵੀ ਕਿਹਾ ਕਿ ਤਰਨ ਤਾਰ ਜ਼ਿਲ੍ਹਾ ਦੀ ਸ਼ੇਰੋ ਖੰਡ ਮਿੱਲ ਜਿਸ ਦੀ 100 ਏਕੜ ਦੀ ਜਮੀਨ ਵੱਖ-ਵੱਖ ਏਜੰਸੀਆਂ ਅਤੇ ਪ੍ਰਾਈਵੇਟ ਅਦਾਰਿਆਂ ਨੂੰ ਵੰਡ ਕੇ ਉਸ ਦੀ ਨਜਾਇਜ਼ ਵਰਤੋਂ ਕੀਤੀ ਜਾ ਰਹੀ ਹੈ । ਪਿੰਡ ਸ਼ੇਰੋ ਨਾਲ ਜੁੜਦੀ ਵੀਹ ਏਕੜ ਜਮੀਨ ਪਨਗ੍ਰੇਨ ਕੰਪਨੀ ਨੂੰ ਗੁਦਾਮ ਬਣਾਉਣ ਲਈ ਦੇ ਦਿੱਤੀ ਗਈ ਹੈ। ਜਿਸ ਨੇ ਕਿ ਆਪਣੀ ਉਸਾਰੀ ਸ਼ੁਰੂ ਵੀ ਕਰ ਦਿੱਤੀ ਹੈ ।ਉਹ ਗੁਦਾਮ ਬਣਨ ਨਾਲ ਪਿੰਡ ਸੇਰੋ ਤੇ ਨੇੜਲੇ ਹੋਰ ਪਿੰਡਾਂ ਦੀ ਜ਼ਿੰਦਗੀ ਬਹੁਤ ਦੁੱਭਰ ਹੋਵੇਗੀ ,ਕਿਉਂਕਿ ਗੁਦਾਮ ਦੇ ਤਿੰਨ ਕਿਲੋਮੀਟਰ ਦੇ ਅੰਦਰ ਅੰਦਰ ਗੁਦਾਮਾਂ ਵਿੱਚ ਪੈਦਾ ਹੋਈ ਸੁਸਰੀ ਲੋਕਾਂ ਨੂੰ ਬਹੁਤ ਪਰੇਸ਼ਾਨ ਕਰਦੀ ਹੈ। ਇਸ ਕਰਕੇ ਇਹ ਜੋ ਵੀ ਸਰਕਾਰ ਕਰ ਰਹੀ ਹੈ ਨਾ ਤਾਂ ਹਿੱਸੇਦਾਰ ਕਿਸਾਨਾਂ ਨਾਲ ਕੋਈ ਸਲਾਹ ਕੀਤੀ ਗਈ ਹੈ। ਤੇ ਨਾ ਹੀ ਕੋਈ ਜਨਤਕ ਅਦਾਰਿਆਂ ਨਾਲ ਕਿਉਂ ਕਿ ਇਥੇ ਤਰਨਤਾਨ ਜ਼ਿਲ੍ਹੇ ਵਿੱਚ ਇੱਕੋ ਇੱਕ ਫੈਕਟਰੀ ਸੀ। ਸ਼ੂਗਰ ਖੰਡ ਮਿੱਲ ਸੇਰੋਂ ਜਿਸ ਨਾਲ ਹਜ਼ਾਰਾਂ ਕਿਸਾਨਾਂ ਦੇ ਮਜ਼ਦੂਰਾਂ ਨੂੰ ਸਿੱਧਾ ਤੇ ਅਸਿੱਧਾ ਰੁਜ਼ਗਾਰ ਮਿਲਦਾ ਸੀ ਤੇ ਮੰਡ ਵਿੱਚ ਡੁੱਬਦੀ ਹਰ ਸਾਲ ਫਸਲ ਗੰਨੇ ਦੇ ਰੂਪ ਵਿੱਚ ਸਗੋਂ ਲੋਕਾਂ ਨੂੰ ਖੁਸ਼ਹਾਲ ਬਣਾ ਰਹੀ ਸੀ। ਪਰ ਇਹ ਖੰਡ ਮਿਲ ਬੰਦ ਕਰਕੇ ਸਰਕਾਰਾਂ ਨੇ ਤਰਨ ਤਾਰਨ ਜ਼ਿਲ੍ਹੇ ਨਾਲ ਧ੍ਰੋਹ ਕਮਾਇਆ ਹੈ ਤੇ ਸੰਯੁਕਤ ਕਿਸਾਨ ਮੋਰਚਾ ਮੰਗ ਕਰਦਾ ਹੈ ਕਿ ਇਸ ਦੀ ਨਜਾਇਜ਼ ਵਰਤੋਂ ਰੋਕ ਕੇ ਤੁਰੰਤ ਖੰਡ ਮਿਲ ਮੁੜ ਚਾਲੂ ਕੀਤੀ ਜਾਵੇ, ਤਾਂ ਕਿ ਉਸ ਦਾ ਵੱਡਾ ਮੁਨਾਫਾ ਸਰਕਾਰ ਤੇ ਲੋਕਾਂ ਦੇ ਹੱਥਾਂ ਤੱਕ ਪਹੁੰਚ ਸਕੇ। ਇਸ ਮੌਕੇ ਹੋਰ

ਬਲਕਾਰ ਸਿੰਘ ਵਲਟੋਹਾ, ਧਰਮ ਸਿੰਘ ਪੱਟੀ,ਚਰਨ ਤਰਨ ਤਾਰਨ, ਸੁਖਦੇਵ ਸਿੰਘ ਜਵੰਦਾ, ਸ਼ਹਿਬਾਜ਼ ਸਿੰਘ,ਕੱਥਾ ਸਿੰਘ, ਰੇਸ਼ਮ ਸਿੰਘ ਫੈਲੋਕੇ, ਗੁਰਦਿਆਲ ਸਿੰਘ ਵਰਨਾਲਾ, ਨੇ ਵੀ ਸੰਬੋਧਨ ਕੀਤਾ।ਇਸ ਧਰਨੇ ਦੀ ਸਮਾਪਤੀ ਉਪਰੰਤ ਗਵਰਨਰ ਪੰਜਾਬ ਦੇ ਨਾ ਡੀ ਸੀ ਦਫਤਰ ਤਰਨ ਤਾਰਨ ਰਾਹੀਂ ਮੰਗ ਪੱਤਰ ਭੇਜਿਆ ਗਿਆ। ਸਯੁੰਕਤ ਕਿਸਾਨ ਮੋਰਚਾ ਵੱਲੋਂ ਫ਼ੈਸਲਾ ਕੀਤਾ ਗਿਆ ਕਿ 10 ਅਪ੍ਰੈਲ ਨੂੰ 1 ਵਜੇ ਗਾਂਧੀ ਪਾਰਕ ਮੀਟਿੰਗ ਕਰਕੇ ਸੇਰੋਂ ਖੰਡ ਮਿਲ ਬਚਾਉਣ ਲਈ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਠੇਕਾ ਮੁਲਾਜਮਾਂ ਨੇ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਦੇ ਮੰਤਰੀਆਂ ਤੇ ਪੁਤਲੇ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ



15 ਅਪ੍ਰੈਲ ਤੋਂ ਵਿੱਤ ਮੰਤਰੀ ਦੇ ਹਲਕੇ ਦਿੜ੍ਹਬਾ 'ਚ ਲਗਾਤਾਰ ਝੰਡਾ ਮਾਰਚ ਸ਼ੁਰੂ ਕਰਨ ਦਾ ਐਲਾਨ |

(ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ 7 ਅਪ੍ਰੈਲ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਜਿਲ੍ਹਾ ਤਰਨ ਤਾਰਨ ਨੇ ਗਾਂਧੀ ਪਾਰਕ ਤਰਨ ਤਾਰਨ ਤੋਂ ਚੱਲ ਕੇ ਰੇਲਵੇ ਚੌਂਕ ਵਿੱਚ ਤਰਨ ਤਾਰਨ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਮੈਂਬਰਾਂ ਦੇ ਪੁਤਲੇ ਫੂਕ ਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਸੂਬਾ ਆਗੂ ਗੁਰਵਿੰਦਰ ਸਿੰਘ ਬਾਠ, ਜ਼ਿਲ੍ਹਾ ਆਗੂ ਦਿਲਬਾਗ ਸਿੰਘ ਕੰਗ,ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋ ਕੱਚੇ/ਠੇਕਾ ਮੁਲਾਜਮਾਂ ਨੂੰ ਪੱਕਾ ਕਰਨ ਲਈ ਗਠਤ ਕੈਬਨਿਟ ਸਬ-ਕਮੇਟੀ ਵੱਲੋਂ ਪਿਛਲੇ ਪਿਛਲੇ ਚਾਰ ਸਾਲਾਂ ਦੇ ਦੌਰਾਨ ਠੇਕਾ ਮੁਲਾਜ਼ਮਾਂ ਨਾਲ ਲਗਾਏ ਝੂਠੇ ਲਾਰੇ ਹੀ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਸਬ ਕਮੇਟੀ ਵੱਲੋਂ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਨਾਲ 7 ਅਪ੍ਰੈਲ 2026 ਨੂੰ ਪੈਨਲ ਮੀਟਿੰਗ ਕਰਨ ਦਾ ਸਮਾਂ ਦਿੱਤਾ ਗਿਆ ਸੀ।ਪਰ ਇਹ ਮੀਟਿੰਗ ਮੁਲਤਵੀਂ ਕਰ ਦਿੱਤੀ ਗਈ। ਜਿਸਦੇ ਰੋਸ਼ ਵਜੋਂ 'ਮੋਰਚੇ' ਵੱਲੋਂ ਪੰਜਾਬ ਭਰ ਵਿੱਚ ਸਬ ਕਮੇਟੀ ਦੇ ਚੇਅਰਮੈਨ-ਕਮ-ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਪੁਤਲੇ ਫੂਕ ਕੇ ਪੰਜਾਬ ਸਰਕਾਰ ਵਿਰੁੱਧ ਰੋਹ ਭਰਪੂਰ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਸਾਲਾਂਬੱਧੀ ਅਰਸ਼ੇ ਤੋਂ ਸੇਵਾਵਾਂ ਦੇ ਰਹੇ ਠੇਕਾ ਮੁਲਾਜਮ ਵਿਰੋਧੀ ਅਪਣਾਈਆਂ ਜਾ ਰਹੀਆਂ ਮਾਰੂ ਨੀਤੀਆਂ ਦੀ ਨਿਖੇਧੀ ਕਰਦੇ ਹੋਏ ਮੋਰਚੇ ਵੱਲੋਂ ਵਿੱਤ ਮੰਤਰੀ ਦੇ ਹਲਕੇ ਦਿੜ੍ਹਬਾ ਵਿੱਚ 15 ਅਪ੍ਰੈਲ ਤੋਂ ਫਿਰ ਲਗਾਤਾਰ ਝੰਡਾ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ।

ਆਗੂਆਂ ਨੇ ਮੰਗ ਕੀਤੀ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਮੇ ਅਰਸੇ ਤੋਂ ਕੰਮ ਕਰਦੇ ਆ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਮੁਲਾਜਮਾਂ ਨੂੰ ਸਬੰਧਤ ਵਿਭਾਗਾਂ ਵਿਚ ਲਿਆ ਕਿ ਕਰਕੇ ਰੈਗੂਲਰ ਕੀਤਾ ਜਾਵੇ, ਗੁਜਾਰੇ ਯੋਗ, ਘੱਟੋ-ਘੱਟ ਉਜਰਤ ਦੇ ਕਾਨੂੰਨ 1948 ਅਤੇ 15ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਨੂੰ ਅਧਾਰ ਮੰਨ ਕੇ ਇਨਲਿਸਟਮੈਂਟ/ਆਊਟਸੋਰਸ ਮੁਲਾਜਮਾਂ ਦੀ ਤਨਖਾਹ ਤੈਅ ਕੀਤੀ ਜਾਵੇ, ਬਰਾਬਰ ਕੰਮ ਲਈ ਬਰਾਬਰ ਤਨਖਾਹ ਦੇ ਵਿਗਿਆਨਕ ਅਸੂਲ ਨੂੰ ਲਾਗੂ ਕੀਤਾ ਜਾਵੇ,ਸਰਕਾਰੀ ਵਿਭਾਗਾਂ ਦਾ ਨਿੱਜੀਕਰਨ/ਪੰਚਾਇਤੀਕਰਨ ਦੀ ਨੀਤੀ ਨੂੰ ਤੁਰੰਤ ਰੱਦ ਕੀਤਾ ਜਾਵੇ, ਸੇਵਾ ਸਮੇਂ ਦੌਰਾਨ ਹੋਣ ਵਾਲੇ ਗੈਰ-ਘਾਤਕ ਹਾਦਸਿਆਂ ਸੋ ਫੀਸਦੀ ਭਰਪਾਈ ਵਿਭਾਗ ਵੱਲੋਂ ਕਰਨ ਦੀ ਗਰੰਟੀ ਕੀਤੀ ਜਾਵੇ।,ਘਾਤਕ ਹਾਦਸਿਆਂ ਦੀ ਸੂਰਤ ਵਿੱਚ ਘੱਟੋ-ਘੱਟ ਪਰਿਵਾਰ ਨੂੰ 50 ਲੱਖ ਰੁਪਏ ਮੁਆਵਜ਼ੇ ਦੀ ਅਦਾਇਗੀ ਦੇ ਨਾਲ ਪਰਿਵਾਰ ਦੇ ਇਕ ਜੀਅ ਨੂੰ ਪੱਕੀ ਨੌਕਰੀ ਅਤੇ ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ,ਸੇਵਾ ਮੁਕਤ ਹੋਣ ਤੇ ਇਨਲਿਸਟਮੈਂਟ/ ਆਊਟਸੋਰਸ ਠੇਕਾ ਮੁਲਾਜ਼ਮਾਂ ਲਈ ਪੈਨਸ਼ਨ ਅਤੇ ਗਰੈਚੁਟੀ ਦੇ ਲਾਭ ਦੀ ਅਦਾਇਗੀ ਕੀਤੀ ਜਾਵੇ, ਇਸ ਵਿਉਂਤਬੰਦੀ ਨੂੰ ਲਾਗੂ ਕਰਨ ਦੇ ਸਮੇਂ ਤੱਕ ਹਰ ਰਿਟਾਇਰੀ ਮੁਲਾਜ਼ਮ ਨੂੰ 50 ਲੱਖ ਰੁਪਏ ਦੀ ਅਦਾਇਗੀ ਦੇ ਨਾਲ ਨਾਲ ਪਰਿਵਾਰ ਦੇ ਇੱਕ ਜੀਅ ਲਈ ਨੌਕਰੀ ਦਾ ਪ੍ਰਬੰਧ ਕੀਤਾ ਜਾਵੇ, ਇੰਨਲਿਸਟਮੈਂਟ ਠੇਕਾ ਅਧਾਰਿਤ ਵਰਕਰਾਂ ਨੂੰ ਵੀ ਈ.ਪੀ.ਐਫ. ਅਤੇ ਈ.ਐਸ.ਆਈ. ਸਕੀਮ ਅਧੀਨ ਲਿਆਂਦਾ ਜਾਵੇ।

ਇਸ ਮੌਕੇ ਪ੍ਰਧਾਨ ਪਰਮਜੀਤ ਸਿੰਘ ਬਾਕੀਪੁਰ, ਬ੍ਰਾਂਚ ਜਨਰਲ ਸਕੱਤਰ ਪੰਜਾਬ ਸਿੰਘ, ਬ੍ਰਾਂਚ ਆਗੂ ਮਨਜਿੰਦਰ ਸਿੰਘ ਸਬ ਡਿਵੀਜ਼ਨ ਪ੍ਰਧਾਨ ਗੁਰਿੰਦਰ ਸਿੰਘ, ਬਲਾਕ ਆਗੂ ਪ੍ਰਤਾਪ ਸਿੰਘ ਮਹਿੰਦਰ ਸਿੰਘ, ਨਿਰਮਲ ਸਿੰਘ ਬਹਿਲਾ, ਗੁਰਜੀਤ ਸਿੰਘ,ਸਿਮਰਨਜੀਤ ਸਿੰਘ, ਨਿਰਮਲ ਸਿੰਘ ਧੂੰਦਾ, ਜਸਪਾਲ ਸਿੰਘ ਠਰੂ ਆਦਿ ਵੀ ਹਾਜ਼ਰ ਸਨ।

# ਸਾਰੇ ਭਾਈਚਾਰਿਆਂ ਦੇ ਬਰਾਬਰ ਸਮਾਜਿਕ , ਆਰਥਿਕ ਵਿਕਾਸ ਲਈ ਮਾਨ ਸਰਕਾਰ ਨੇ ਪਹਿਲੀ ਤੋਂ ਜਾਤੀ ਅਧਾਰਿਤ ਸਰਵੇਖਣ ਕਰਵਾਇਆ ਸ਼ੁਰੂ-ਧਾਲੀਵਾਲ




ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 6 ਅਪ੍ਰੈਲ |

ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਹਲਕੇ ਦੇ ਪਿੰਡ ਜੱਟਾਂ, ਪੰਡੋਰੀ ਨੇੜੇ ਰਮਦਾਸ, ਭੋਏਵਾਲੀ ਪਿੰਡਾਂ ਤੋਂ ਇਲਾਵਾ ਇਤਿਹਾਸਿਕ ਨਗਰ ਰਮਦਾਸ ਦੀ ਵਾਰਡਾਂ ਨੰਬਰ 5, 7, 8 ,10 ਤੇ 11 ਵਿਖੇ " ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ" ਮੁਹਿੰਮ ਤਹਿਤ ਕਰਵਾਏ ਸੰਵਾਦ ਸਮਾਗਮਾਂ ਦੌਰਾਨ ਸਮੱਸਿਆਵਾਂ ਸੁਨਣ ਤੇ ਹੱਲ ਕਰਨ ਲਈ ਲੋਕਾਂ ਨਾਲ ਸਿੱਧੀ ਗੱਲਬਾਤ ਕੀਤੀ। ਸ. ਧਾਲੀਵਾਲ ਨੇ ਭਰਵੇਂ ਸੰਵਾਦ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪੰਜ ਸਾਲ ਦੀ ਬਜਾਏ 4 ਸਾਲ ਚ ਪੰਜਾਬ ਵਾਸੀਆਂ ਨਾਲ ਕੀਤੀਆਂ ਗਈਆਂ ਚੋਣ ਗਰੰਟੀਆਂ ਨੂੰ ਇੰਨ ਬਿੰਨ 100 ਫ਼ੀਸਦ ਪੂਰਾ ਕਰਨ ਚ ਨਿਵੇਕਲਾ ਤੇ ਪਲੇਠਾ ਇਤਿਹਾਸਕ ਸਥਾਪਿਤ ਕੀਤਾ ਅਤੇ ਸਿੱਖਿਆ, ਸਿਹਤ, ਰੁਜ਼ਗਾਰ, ਖੇਤੀ, ਸਿੰਜਾਈ, ਖੇਡ ਮੈਦਾਨ, ਛੱਪੜਾਂ ਦਾ ਨਵੀਨੀਕਰਨ, ਆਮ ਆਦਮੀ ਕਲੀਨਿਕ, ਆਂਗਨਵਾੜੀ ਕੇਂਦਰਾਂ, ਗਲੀਆਂ, ਨਾਲੀਆਂ, ਸੜਕਾਂ ਦਾ ਅਪਗ੍ਰੇਡਸ਼ਨ, ਪੰਚਾਇਤ ਘਰਾਂ, ਪੰਚਾਇਤੀ ਸਥਾਂ, ਪੇਂਡੂ ਤੇ ਸ਼ਹਿਰੀ ਸ਼ੁੱਧ ਪੀਣ ਵਾਲਾ ਸਪਲਾਈ, ਦਲਿਤ ਸ਼ਰੇਣੀ ਦੀਆਂ ਔਰਤਾਂ ਨੂੰ 1500ਰੁਪਏ ਤੇ ਆਮ ਸ਼ਰੇਣੀ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਸਮਾਜਿਕ ਮਾਣ ਰਾਸ਼ੀ, 40 ਲੱਖ ਪ੍ਰੀਵਾਰਾਂ ਨੂੰ ਮੇਰੀ ਰਸੋਈ ਤਹਿਤ ਖੰਡ, ਚਾਹ ਪੱਤੀ, ਦਾਲ, ਲੂਣ, ਤੇਲ ਆਦਿ ਮੁਫ਼ਤ ਘਰੇਲੂ ਖਪਤ ਵਸਤਾਂ, ਲਾਇਬ੍ਰੇਰੀਆਂ ਆਦਿ ਚਹੁੰ ਮੁੱਖੀ ਵਿਕਾਸ ਤੇ ਲੋਕ ਕਲਿਆਣਕਾਰੀ ਨੀਤੀਆਂ ਨੂੰ ਲਾਗੂ ਕਰਦਿਆਂ ਨਸ਼ਾ ਤੇ ਗੈਂਗਸਟਰ ਮੁਕਤੀ ਲਈ ਅਮਨ ਪਸੰਦ ਨਾਗਰਿਕਾਂ, ਅਫ਼ਸਰਸ਼ਾਹੀ, ਪੁਲਿਸ, ਪੇਂਡੂ ਤੇ ਵਾਰਡ ਸੁਰੱਖਿਆ ਕਮੇਟੀਆਂ, ਸਮਾਜਿਕ ਪਹਿਰੇਦਾਰਾਂ ਤੇ ਨਿਆਂਪਾਲਿਕਾ ਦੀ ਉਸਾਰੂ ਭੂਮਿਕਾ ਨਾਲ ਰੰਗਲੇ ਪੰਜਾਬ ਦੀ ਸੰਪੂਰਨ ਕ੍ਰਾਂਤੀ ਵੱਲ ਇਤਿਹਾਸਿਕ ਪੈੜਾਂ ਪਾਈਆਂ ਹਨ। ਰੇਲਵੇ ਸਟੇਸ਼ਨ ਰਮਦਾਸ ਦਾ ਨਾਂਅ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਰੱਖਣ ਅਤੇ ਆਧੁਨਿਕ ਸਹੂਲਤਾਂ ਨਾਲ ਨਵੀਨੀਕਰਨ ਕਰਨ ਲਈ ਪੂਰੇ ਜ਼ੋਰ ਸ਼ੋਰ ਨਾਲ ਉਨ੍ਹਾਂ ( ਸ.ਧਾਲੀਵਾਲ) ਵੱਲੋਂ ਕੇਂਦਰ ਦੇ ਰੇਲ ਮੰਤਰਾਲੇ ਅਤੇ ਪੰਜਾਬ ਤੋਂ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਰਸਮੀ ਤੌਰ ਮੀਟਿੰਗ ਕਰਕੇ ਉਠਾਇਆ ਗਿਆ ਹੈ। ਇਸ ਮੌਕੇ ਤੇ ਹਲਕਾ ਸਿੱਖਿਆ ਕੋਆਰਡੀਨੇਟਰ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਚੇਅਰਮੈਨ ਪ੍ਰਿਥੀਪਾਲ ਸਿੰਘ ਘੋਨਵਾਲਾ, ਬਲਾਕ ਪ੍ਰਧਾਨ ਹਰਪਾਲ ਸਿੰਘ, ਅਮਰੀਕ ਸਿੰਘ, ਸੰਦੀਪ ਸਿੰਘ ਆਦਿ ਪ੍ਰਮੁੱਖ ਆਗੂਆਂ ਤੋਂ ਇਲਾਵਾ ਪੰਚ ਸਰਪੰਚ, ਕੌਂਸਲਰ,ਵਾਰਡ ਇੰਚਾਰਜ ਤੇ ਵਲੰਟੀਅਰ ਵੱਡੀ ਗਿਣਤੀ ਚ ਮੌਜੂਦ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਖਾਲਸਾ ਸਾਜਣਾ ਦਿਵਸ ਮੌਕੇ 1763 ਸ਼ਰਧਾਲੂਆਂ ਦਾ ਜਥਾ ਜਾਵੇਗਾ ਪਾਕਿਸਤਾਨ



ਅੰਮ੍ਰਿਤਸਰ, 7 ਅਪ੍ਰੈਲ-ਖਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ 1763 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਇਹ ਜਥਾ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਰਵਾਨਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 1795 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ ਦੂਤਾਵਾਸ ਵੱਲੋਂ 1763 ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਗਿਆ ਹੈ, ਜਦਕਿ 32 ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਮਿਲ ਸਕਿਆ।ਉਨ੍ਹਾਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਖਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਣਾ ਹੈ। ਇਹ ਜਥਾ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜੈਕਾਰਿਆਂ ਦੀ ਗੂੰਜ ਵਿਚ ਰਵਾਨਾ ਹੋਵੇਗਾ, ਜੋ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਮੁੱਖ ਸਮਾਗਮ ਵਿੱਚ ਸ਼ਾਮਲ ਹੋਣ ਉਪਰੰਤ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਕੇ 19 ਅਪ੍ਰੈਲ ਨੂੰ ਵਾਪਸ ਦੇਸ਼ ਪਰਤੇਗਾ। ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਪਾਕਿਸਤਾਨ ਜਾਣ ਵਾਲੇ ਸ਼ਰਧਾਲੂ ਜਿਨ੍ਹਾਂ ਦੇ ਵੀਜੇ ਲੱਗੇ ਹਨ ਉਹ ਆਪਣੇ ਪਾਸਪੋਰਟ 9 ਅਪ੍ਰੈਲ ਨੂੰ ਦਫ਼ਤਰੀ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੋਂ ਪ੍ਰਾਪਤ ਕਰਨ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਮਿਲਿਆ ਉਨ੍ਹਾਂ ਦਾ ਸੀਰੀਅਲ ਨੰਬਰ 144, 146, 161, 163, 201, 225, 245, 250, 251, 252, 304, 370, 413, 441, 509, 510, 524, 645, 652, 679, 680, 895, 1026, 1027, 1038, 1087, 1276, 1277, 1510, 1547, 1785 ਤੇ 1786 ਸਾਮਲ ਹਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ



"ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਉਪਰੰਤ ਜਾਣਕਾਰੀ ਸਾਂਝੀ ਕਰਦੀਆਂ ਆਗੂ। |

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 7 ਅਪ੍ਰੈਲ

ਪੰਜਾਬ ਦੇ ਸਿਹਤ ਵਿਭਾਗ ਅੰਦਰ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਸਬੰਧੀ ਜਾਣਕਾਰੀ ਦੇਣ ਅਤੇ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਰੱਖੀਆਂ ਗਈਆਂ ਆਸ਼ਾ ਵਰਕਰਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸੂਬਾ ਪ੍ਰਧਾਨ ਰਾਣੋ ਖੇੜੀ ਗਿੱਲਾਂ, ਚੇਅਰਪਰਸਨ ਸੁਖਵਿੰਦਰ ਕੌਰ, ਜਨਰਲ ਸਕੱਤਰ ਲਖਵਿੰਦਰ ਕੌਰ ਝਬਾਲ ਅਤੇ ਵਿੱਤ ਸਕੱਤਰ ਹਰਨਿੰਦਰ ਕੌਰ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਮੌਜੂਦਾ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਪੰਜਾਬ ਸਰਕਾਰ ਜਿੱਥੇ ਆਮ ਲੋਕਾਂ, ਕਿਸਾਨਾਂ ਅਤੇ ਬਾਕੀ ਮੁਲਾਜ਼ਮਾਂ ਵਾਂਗ ਆਸ਼ਾ ਵਰਕਰਾਂ ਦਾ ਸ਼ੋਸ਼ਣ ਕਰਨ ਵਿੱਚ ਵੀ ਪਿੱਛੇ ਨਹੀਂ ਹੈ ਅਤੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਭੁਲਾ ਕੇ ਮੁਲਾਜ਼ਮ ਵਿਰੋਧੀ ਨੀਤੀਆਂ ਪਹਿਲੀਆਂ ਸਰਕਾਰਾਂ ਨਾਲੋਂ ਵੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ। ਜੱਥੇਬੰਦੀ ਦੀਆਂ ਆਗੂਆਂ ਸੰਦੀਪ ਕੌਰ, ਰਾਜ ਕੁਮਾਰੀ, ਜਸਵੀਰ ਕੌਰ, ਬੀਰਪਾਲ ਕੌਰ, ਰੀਟਾ ਰਾਣੀ, ਨਿਰਮਲਾ ਦੇਵੀ ਨੇ ਕਿਹਾ ਕਿ ਸਰਕਾਰ ਵਲੋਂ ਆਸ਼ਾ ਵਰਕਰਾਂ ਪ੍ਰਤੀ ਅਪਣਾਈਆਂ ਵਿਰੋਧੀ ਨੀਤੀਆਂ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਪੰਜਾਬ 'ਚ ਆਸ਼ਾ ਵਰਕਰਾਂ ਦੀਆਂ ਚਾਰ ਜੱਥੇਬੰਦੀਆਂ ਵਲੋਂ "ਆਸ਼ਾ ਵਰਕਰ ਆਸ਼ਾ ਫੈਸਿਲੀਟੇਟਰ ਸਾਂਝਾ ਮੋਰਚਾ" ਬਣਾ ਕੇ ਸਰਕਾਰ ਵਿਰੁੱਧ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ ਪ੍ਰੰਤੂ ਮੁੱਖ ਮੰਤਰੀ ਵਲੋਂ ਅਜੇ ਤੱਕ ਮੀਟਿੰਗ ਦਾ ਕੋਈ ਵੀ ਸਮਾਂ ਨਹੀਂ ਦਿੱਤਾ ਗਿਆ ਹੈ ਅਤੇ ਸਿਹਤ ਮੰਤਰੀ ਵਲੋਂ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਨੂੰ ਵੀ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਾਂਝੇ ਮੋਰਚੇ ਵਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ਼ ਕਰਦਿਆਂ ਮਿਤੀ 9 ਅਪ੍ਰੈਲ ਤੋਂ ਮੁੱਖ ਮੰਤਰੀ ਦੇ ਹਲਕੇ ਧੂਰੀ ਵਿਖੇ ਪੱਕਾ ਮੋਰਚਾ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਬਾਕੀ ਜੱਥੇਬੰਦੀਆਂ ਦੇ ਨਾਲ ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਵਲੋਂ ਵੀ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਜੱਥੇਬੰਦੀ ਦੀ ਸੂਬਾ ਪ੍ਰੈਸ ਸਕੱਤਰ ਪਰਮਜੀਤ ਕੌਰ ਨੇ ਦੱਸਿਆ ਕਿ ਇਸ ਸੰਘਰਸ਼ ਦੀ ਤਿਆਰੀ ਲਈ ਲੁਧਿਆਣੇ ਵਿਖੇ ਸੂਬਾ ਪੱਧਰੀ ਮੀਟਿੰਗ ਕਰਕੇ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਦਾ ਪ੍ਰੋਗਰਾਮ ਉਲੀਕ ਦਿੱਤਾ ਗਿਆ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਹ ਪੱਕਾ ਮੋਰਚਾ ਮੰਗਾਂ ਦੀ ਪ੍ਰਾਪਤੀ ਤੱਕ ਜਾਰੀ ਰਹੇਗਾ ਅਤੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਵੀ ਕੀਤਾ ਜਾਵੇਗਾ। ਇਸ ਮੌਕੇ ਰੁਪਿੰਦਰ ਕੌਰ, ਸੁਖਵਿੰਦਰ ਕੌਰ, ਚਰਨਜੀਤ ਕੌਰ, ਮਨਜੀਤ ਕੌਰ, ਰਵਿੰਦਰ ਕੌਰ ਆਦਿ ਆਗੂ ਵੀ ਹਾਜਰ ਸਨ।

# ਗੋਲਡਨ ਜੁਬਲੀ ਸਮੇਂ ਸਾਹਿਤ ਸਭਾ ਰਜਿ ਬਾਘਾਪੁਰਾਣਾ ਵੱਲੋਂ ਪੱਤਰਕਾਰੀ ਵਿਸ਼ੇ 'ਤੇ ਵਿਚਾਰ ਚਰਚਾ ਅਤੇ ਕਵੀ ਦਰਬਾਰ ਕਰਵਾਇਆ ਗਿਆ।




ਬਾਘਾਪੁਰਾਣਾ ਅਪ੍ਰੈਲ (ਸ਼ਰਮਾਂ)

ਸਾਹਿਤ ਸਭਾ ਰਜਿ. ਬਾਘਾਪੁਰਾਣਾ ਵੱਲੋਂ ਸਭਾ ਦੇ 50 ਵਰੇ ਪੂਰੇ ਹੋ ਜਾਣ 'ਤੇ ਮਨਾਈ ਗਈ ਗੋਲਡਨ ਜੁਬਲੀ ਸਮੇਂ ਪੱਤਰਕਾਰੀ ਵਿਸ਼ੇ ਤੇ ਵਿਚਾਰ ਚਰਚਾ ਅਤੇ ਕਵੀ ਦਰਬਾਰ ਸਭਾ ਦੇ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ ਦੀ ਯੋਗ ਅਗਵਾਈ ਹੇਠ ਸਕੂਲ ਆਫ਼ ਐਮੀਨੈਂਸ ਬਾਘਾਪੁਰਾਣਾ ਵਿਖੇ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਤੋਂ ਪਹਿਲਾਂ ਮੰਚ ਸੰਚਾਲਕ ਹਰਵਿੰਦਰ ਸਿੰਘ ਰੋਡੇ, ਵਿੱਤ ਸਕੱਤਰ ਜਸਵੰਤ ਸਿੰਘ ਜੱਸੀ ਵੱਲੋਂ ਪਹੁੰਚੀਆਂ ਹੋਈਆਂ ਪ੍ਰਮੁੱਖ ਸ਼ਖ਼ਸ਼ੀਅਤਾਂ ਨੂੰ ਜੀ ਆਇਆਂ ਆਖਿਆ ਗਿਆ। ਮੇਜਰ ਸਿੰਘ ਹਰੀਏਵਾਲਾ ਵੱਲੋਂ ਸਵਾਗਤੀ ਗੀਤ ਪੇਸ਼ ਕੀਤਾ ਗਿਆ। ਉਪਰੰਤ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੈਸ ਕਲੱਬ ਬਾਘਾਪੁਰਾਣਾ ਦੇ ਪ੍ਰਧਾਨ ਪੰਕਜ਼ ਗੁਪਤਾ, ਬਰਾੜ ਪ੍ਰੈਸ ਕਲੱਬ ਬਾਘਾਪੁਰਾਣਾ ਦੇ ਪ੍ਰਧਾਨ ਪਵਨ ਗਰਗ, ਯਸ਼ ਚਟਾਨੀ,ਜਸਟ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਗੁਰਬਾਜ਼ ਗਿੱਲ,ਡਾ ਸੁਰਜੀਤ ਸਿੰਘ ਬਰਾੜ, ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ, ਕੁਲਦੀਪ ਕੌਰ ਮਾਹਲਾ, ਸਾਧੂ ਰਾਮ ਲੰਗੇਆਣਾ, ਪੰਕਜ਼ ਗੁਪਤਾ, ਅਤੇ ਪਵਨ ਗਰਗ ਬਿਰਾਜਮਾਨ ਹੋਏ।. ਉਪਰੰਤ ਜਗਜੀਤ ਸਿੰਘ ਖਾਈ,ਜਸਵੰਤ ਜੱਸੀ, ਮੁਕੰਦ ਕਮਲ, ਨਿਰਮਲ ਕਲਿਆਣ ਸਰਪੰਚ ਟੂ ਡੇ, ਜਗਤਾਰ ਵੈਰੋਕੇ ਹੈਵਨ ਇੰਡੀਆ ਵੱਲੋਂ ਪੱਤਰਕਾਰਾਂ ਨਾਲ ਸਬੰਧਤ ਦਰਪੇਸ਼ ਮਸਲਿਆਂ ਬਾਰੇ ਵਿਚਾਰ ਚਰਚਾ ਵਿੱਚ ਹਿੱਸਾ ਲਿਆ। ਇਲਾਕੇ ਦੇ ਪ੍ਰਸਿੱਧ ਸਾਹਿਤਕਾਰ ਅਤੇ ਉੱਘੇ ਚਿੰਤਕ ਅਲੋਚਕ ਡਾ ਸੁਰਜੀਤ ਬਰਾੜ ਘੋਲੀਆ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੱਤਰਕਾਰ ਸਮਾਜ ਦਾ ਚੌਥਾ ਥੰਮ੍ਹ ਹੁੰਦੇ ਹਨ ਅਤੇ ਉਨ੍ਹਾਂ ਨੇ ਸਮਾਜ ਦੇ ਹਰ ਚੰਗੇ ਮਾੜੇ ਪਹਿਲੂ ਨੂੰ ਲੋਕ ਕਚਹਿਰੀ ਵਿੱਚ ਪੇਸ਼ ਕਰਨਾ ਹੁੰਦਾ ਹੈ ਉਨ੍ਹਾਂ ਕਿਹਾ ਕਿ ਪੱਤਰਕਾਰਾਂ ਅਤੇ ਸਾਹਿਤਕਾਰਾਂ ਨੇ ਕੰਡਿਆਂ ਦੀ ਸੇਜ ਤੇ ਤੁਰ ਕੇ ਸਮਾਜ ਨੂੰ ਚੰਗਾ ਬਣਾਉਣ ਲਈ ਆਪਣਾ ਨਿਰਪੱਖ ਰੋਲ ਅਦਾ ਕਰਨਾ ਹੁੰਦਾ ਹੈ ਉਨ੍ਹਾਂ ਪੱਤਰਕਾਰਾਂ ਦੀਆਂ ਦਰਪੇਸ਼ ਗੰਭੀਰ ਮੁਸ਼ਕਲਾਂ, ਮੰਗਾਂ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਮੂਹ ਪੱਤਰਕਾਰ ਵੀਰਾਂ ਨੂੰ ਨਿਡਰਤਾ ਨਾਲ ਨਿਰਪੱਖ ਸੱਚੀ ਸੁੱਚੀ ਪੱਤਰਕਾਰਤਾ ਕਰਨ ਦਾ ਸੰਦੇਸ਼ ਦਿੱਤਾ। ਉਪਰੰਤ ਸਭਾ ਵੱਲੋਂ ਬਾਘਾਪੁਰਾਣਾ ਦੀਆਂ ਤਿੰਨੋਂ ਪ੍ਰੈਸ ਕਲੱਬ ਦੇ ਮੈਂਬਰਾਂ ਅਤੇ ਵੱਖ ਵੱਖ ਚੈਨਲਾਂ ਨਾਲ ਸਬੰਧਤ ਪੱਤਰਕਾਰ ਵੀਰਾਂ ਦਾ ਸਨਮਾਨ ਕੀਤਾ ਗਿਆ। ਜਿਸ ਵਿੱਚ ਪ੍ਰਧਾਨ ਪੰਕਜ਼ ਗੁਪਤਾ, ਪ੍ਰਧਾਨ ਪਵਨ ਕੁਮਾਰ ਗਰਗ, ਚੇਅਰਮੈਨ ਜਗਜੀਤ ਸਿੰਘ ਖਾਈ, ਯਸ਼ ਚਟਾਨੀ, ਰਾਜਿੰਦਰ ਸਿੰਘ ਕੋਟਲਾ, ਵਿਕਰਾਂਤ ਸ਼ਰਮਾਂ, ਰਿੱਕੀ ਆਨੰਦ, ਸੰਦੀਪ ਦੀਪੀ, ਵਿੱਕੀ ਬਾਂਸਲ, ਅਨਿਲ ਨੌਹਰੀਆ, ਅਜੇ ਅਗਰਵਾਲ, ਮੁਨੀਸ਼ ਸ਼ਰਮਾਂ, ਦਰਸ਼ਨ ਗੋਇਲ, ਜਗਜੀਤ ਸਿੰਘ ਖਾਈ, ਗੁਰਬਾਜ਼ ਗਿੱਲ, ਪ੍ਰਗਟ ਸਿੰਘ ਰਾਜੇਆਣਾ, ਟਿੰਕੂ ਕਾਠਪਾਲ, ਜਗਤਾਰ ਸਿੰਘ ਸਰਾਂ, ਬਲਜਿੰਦਰ ਭੱਲਾ, ਕ੍ਰਿਸ਼ਨ ਸਿੰਗਲਾ, ਬਲਵੰਤ ਸਿੰਘ ਜੈਮਲਵਾਲਾ, ਸੁਖਮੀਤ ਸਿੰਘ ਰੂਬਲ , ਨਿਰਮਲ ਸਿੰਘ ਪਹਿਰੇਦਾਰ, ਨਿਰਮਲ ਕਲਿਆਣ, ਰਾਜਦੀਪ ਸਿੰਘ,ਅਮਰ ਘੋਲੀਆ (ਸਾਰੇ ਪੱਤਰਕਾਰ) ਵੀਰਾਂ ਤੋਂ ਇਲਾਵਾ ਪੰਜਾਬੀ ਗਾਇਕ ਤਰਸੇਮ ਘਾਰੂ ਗੱਜਣਵਾਲਾ, ਜੱਸੀ ਬੱਡੂਵਾਲ ਅਤੇ ਬਾਕੀ ਕਵੀ ਦਰਬਾਰ ਵਿਚ ਦੂਰੋਂ ਨੇੜਿਉਂ ਆਏ ਅਤੇ ਪਹਿਲੀ ਵਾਰ ਰਚਨਾਂ ਪੇਸ਼ ਕਰਨ ਤੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਪ੍ਰਸੰਸਾ ਪੱਤਰ, ਪੁਸਤਕਾਂ ਅਤੇ ਲੋਈਆਂ ਪਹਿਨਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਪਰੰਤ ਹੋਏ ਕਵੀ ਦਰਬਾਰ ਵਿਚ ਸੇਮ ਘਾਰੂ ਗੱਜਣਵਾਲਾ, ਈਸ਼ਰ ਸਿੰਘ ਲੰਭਵਾਲੀ, ਜਗਦੀਸ਼ ਪ੍ਰੀਤਮ, ਲਖਵੀਰ ਸਿੰਘ ਕੋਮਲ, ਜੱਸੀ ਬੱਡੂਵਾਲ , ਮੁਕੰਦ ਕਮਲ , ਦਲਜੀਤ ਕੁਸ਼ਲ , ਸੁਰਜੀਤ ਸਿੰਘ ਕਾਲੇਕੇ, ਜਸਵੀਰ ਸ਼ਰਮਾਂ ਦੱਦਾਹੂਰ , ਬਲਵਿੰਦਰ ਸਿੰਘ , ਕੰਵਲਜੀਤ ਭੋਲਾ ਲੰਡੇ , ਸਤੀਸ਼ ਧਵਨ, ਕੁਲਵਿੰਦਰ ਦਿਲਗੀਰ , ਹਰਵਿੰਦਰ ਰੋਡੇ, ਪਰਮਜੀਤ ਸਿੰਘ ਬਾਘਾਪੁਰਾਣਾ, ਹਰਚਰਨ ਸਿੰਘ ਰਾਜੇਆਣਾ,ਐਸ ਇੰਦਰ ਰਾਜੇਆਣਾ, ਸੁਖਚੈਨ ਸਿੰਘ ਠੱਠੀ ਭਾਈ, ਰਾਜਿੰਦਰ ਕੰਬੋਜ, ਕੁਲਦੀਪ ਕੌਰ ਮਾਹਲਾ, ਹਰਵਿੰਦਰ ਸਿੰਘ ਰੋਡੇ, ਸਾਧੂ ਰਾਮ, ਜਸਵੰਤ ਜੱਸੀ, ਬਲਵਿੰਦਰ ਸਿੰਘ ਕੈਂਥ,ਅਮਰ ਸਿੰਘ ਘੋਲੀਆ, ਸੁਰਜੀਤ ਬਰਾੜ, ਇਕਬਾਲ ਸਿੰਘ ਵੱਲੋਂ ਆਪੋ ਆਪਣੀਆਂ ਕਲਮਾਂ ਦੇ ਕਲਾਮ ਪੇਸ਼ ਕੀਤੇ ਗਏ। ਅਖੀਰ ਵਿੱਚ ਪ੍ਰੈਸ ਕਲੱਬ ਪ੍ਰਧਾਨ ਪੰਕਜ਼ ਗੁਪਤਾ, ਪ੍ਰਧਾਨ ਜਗਜੀਤ ਸਿੰਘ ਖਾਈ, ਜਗਤਾਰ ਸਿੰਘ ਵੈਰੋਕੇ ਵੱਲੋਂ ਸਭਾ ਦੇ ਨੁਮਾਇੰਦਿਆਂ ਦਾ ਸ਼ੁਕਰਾਨਾ ਕੀਤਾ ਗਿਆ।

# ਪ੍ਰੋ. (ਡਾ.) ਰਾਜੀਵ ਸੂਦ ਦੀ ਅਗਵਾਈ ਹੇਠ ਐਸੋਸੀਏਸ਼ਨ ਆਫ ਇੰਡੀਅਨ ਹੈਲਥ ਸਾਇੰਸਜ਼ ਯੂਨੀਵਰਸਿਟੀਜ਼ (AIHSU) ਦੀ ਉੱਚ-ਪੱਧਰੀ ਮੀਟਿੰਗ




**ਫਰੀਦਕੋਟ, 7 ਅਪ੍ਰੈਲ 2026: |**

ਐਸੋਸੀਏਸ਼ਨ ਆਫ ਇੰਡੀਅਨ ਹੈਲਥ ਸਾਇੰਸਜ਼ ਯੂਨੀਵਰਸਿਟੀਜ਼ (AIHSU) ਦੀ ਇੱਕ ਉੱਚ-ਪੱਧਰੀ ਵਰਚੁਅਲ ਮੀਟਿੰਗ 7 ਅਪ੍ਰੈਲ 2026 ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (BFUHS), ਫਰੀਦਕੋਟ ਦੀ ਮੇਜ਼ਬਾਨੀ ਹੇਠ ਆਯੋਜਿਤ ਕੀਤੀ ਗਈ। ਇਸ ਮਹੱਤਵਪੂਰਨ ਮੀਟਿੰਗ ਵਿੱਚ ਦੇਸ਼ ਭਰ ਤੋਂ ਮੈਡੀਕਲ ਸਿੱਖਿਆ, ਸਿਹਤ ਪ੍ਰਬੰਧਨ ਅਤੇ ਖੋਜ ਨਾਲ ਜੁੜੀਆਂ ਅਗੇਵੱਧ ਹਸਤੀਆਂ ਨੇ ਭਾਗ ਲਿਆ।

ਇਹ ਮੀਟਿੰਗ ਪ੍ਰੋ. (ਡਾ.) ਰਾਜੀਵ ਸੂਦ, ਪ੍ਰਧਾਨ, AIHSU ਅਤੇ ਵਾਈਸ ਚਾਂਸਲਰ, BFUHS ਦੀ ਅਗਵਾਈ ਹੇਠ ਕੀਤੀ ਗਈ। ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਵਿਸ਼ੇਸ਼ ਮੈਂਬਰਾਂ ਵਿੱਚ ਡਾ. ਅਰੁਣ ਜਾਮਕਰ (ਸੰਸਥਾਪਕ ਪ੍ਰਧਾਨ), ਡਾ. ਓ.ਪੀ. ਕਾਲਰਾ (ਸਾਬਕਾ ਪ੍ਰਧਾਨ), ਡਾ. ਗੀਤਾ ਲਕਸ਼ਮੀ, ਡਾ. ਐਚ.ਕੇ. ਅਗਰਵਾਲ, ਡਾ. ਪੀ.ਕੇ. ਪਾਤਰਾ, ਡਾ. ਸੰਜੀਵ ਸੋਨਾਵਣੇ, ਡਾ. ਅਨੂਪ ਕੁਮਾਰ ਵਰਮਾ, ਡਾ. ਪੁਲਾਲਾ ਚੰਦਰਸ਼ੇਖਰ ਅਤੇ ਡਾ. ਭਗਵਾਨ ਬੀ.ਸੀ. ਸ਼ਾਮਲ ਸਨ। ਇਸ ਵੇਲੇ ਭਾਰਤ ਵਿੱਚ ਲਗਭਗ 14 ਸਰਕਾਰੀ ਹੈਲਥ ਸਾਇੰਸਜ਼ ਯੂਨੀਵਰਸਿਟੀਆਂ ਹਨ, ਜਿਸ ਕਰਕੇ AIHSU ਅਕਾਦਮਿਕ ਅਤੇ ਸੰਸਥਾਗਤ ਤਰੱਕੀ ਲਈ ਇੱਕ ਮਹੱਤਵਪੂਰਨ ਸਾਂਝਾ ਮੰਚ ਵਜੋਂ ਉਭਰ ਰਹੀ ਹੈ।

ਮੀਟਿੰਗ ਦੌਰਾਨ ਮਹਿਮਾਨਾਂ ਦਾ ਸਵਾਗਤ ਕਰਦਿਆਂ ਪ੍ਰੋ. (ਡਾ.) ਰਾਜੀਵ ਸੂਦ, ਜੋ ਕਿ ਡਾ. ਬੀ.ਸੀ. ਰਾਏ ਐਵਾਰਡੀ ਵੀ ਹਨ, ਨੇ ਕਿਹਾ ਕਿ ਮੈਡੀਕਲ ਪੇਸ਼ੇਵਰਾਂ ਦੀ ਭੂਮਿਕਾ ਸਿਹਤ ਸੇਵਾਵਾਂ ਨੂੰ ਅੱਗੇ ਵਧਾਉਣ ਵਿੱਚ ਬਹੁਤ ਹੀ ਮਹੱਤਵਪੂਰਨ ਹੈ। ਉਨ੍ਹਾਂ ਨੇ ਡਾਕਟਰਾਂ, ਸਰਜਨਾਂ ਅਤੇ ਸਿਹਤ ਸਿੱਖਿਆ ਨਾਲ ਜੁੜੇ ਵਿਦਵਾਨਾਂ ਵਿਚਕਾਰ ਏਕਤਾ ਦੀ ਲੋੜ 'ਤੇ ਜ਼ੋਰ ਦਿੰਦਿਆਂ "ਵਨ ਹੈਲਥ" ਪਹੁੰਚ ਨੂੰ ਅੱਜ ਦੇ ਸਮੇਂ ਦੀ ਲੋੜ ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ AIHSU ਸਿਹਤ ਸਾਇੰਸਜ਼ ਯੂਨੀਵਰਸਿਟੀਆਂ ਨੂੰ ਜੋੜਨ, ਮੈਡੀਕਲ ਸਿੱਖਿਆ ਵਿੱਚ ਨਵੀਂ ਦਿਸ਼ਾ ਦੇਣ ਅਤੇ ਖੋਜ ਸਹਿਯੋਗ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਰਾਸ਼ਟਰੀ ਅਤੇ ਗਲੋਬਲ ਮੰਚ ਹੈ।

ਪ੍ਰੋ. ਸੂਦ ਨੇ ਫੈਕਲਟੀ ਡਿਵੈਲਪਮੈਂਟ, ਕਰਿਕੁਲਮ ਸੁਧਾਰ ਅਤੇ ਨਰਸਿੰਗ ਵਰਕਫੋਰਸ ਦੇ ਵਿਸਥਾਰ 'ਤੇ ਕੇਂਦ੍ਰਿਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਉਭਾਰੀ। ਮੀਟਿੰਗ ਵਿੱਚ ਸਾਰੇ ਮੈਂਬਰਾਂ ਨੇ ਸਹਿਮਤੀ ਜਤਾਈ ਕਿ ਮਨੁੱਖੀ ਸਿਹਤ ਵਿੱਚ ਸੁਧਾਰ, ਗਲਤ ਜਾਣਕਾਰੀ ਦਾ ਮੁਕਾਬਲਾ ਕਰਨ ਅਤੇ ਵੱਖ-ਵੱਖ ਵਿਭਾਗਾਂ ਵਿਚਕਾਰ ਸਾਰਥਕ ਸਾਂਝ ਵਧਾਉਣ ਲਈ ਇੱਕ ਮਜ਼ਬੂਤ ਸਬੂਤ-ਅਧਾਰਿਤ ਸੰਸਕ੍ਰਿਤੀ ਦਾ ਵਿਕਾਸ ਬਹੁਤ ਜ਼ਰੂਰੀ ਹੈ।

ਮੀਟਿੰਗ ਦਾ ਇੱਕ ਮਹੱਤਵਪੂਰਨ ਨਤੀਜਾ ਇੰਡਿਅਨ ਮੈਡੀਕਲ ਐਸੋਸੀਏਸ਼ਨ (IMA) ਅਤੇ ਹੋਰ ਪੇਸ਼ੇਵਰ ਸੰਸਥਾਵਾਂ ਨਾਲ ਸਹਿਮਤੀ ਪੱਤਰਾਂ (MoUs) ਦੀ ਸੰਭਾਵਨਾ ਦੀ ਪੜਤਾਲ ਕਰਨਾ ਰਿਹਾ, ਤਾਂ ਜੋ ਮੈਂਬਰ ਯੂਨੀਵਰਸਿਟੀਆਂ ਨੂੰ ਸਾਂਝੀਆਂ ਸਹੂਲਤਾਂ, ਮਾਹਰਤਾ ਅਤੇ ਸਰੋਤਾਂ ਤੱਕ ਪਹੁੰਚ ਸੁਨਿਸ਼ਚਿਤ ਕੀਤੀ ਜਾ ਸਕੇ।

ਮੀਟਿੰਗ ਦੌਰਾਨ BFUHS ਵੱਲੋਂ ਸ਼ੁਰੂ ਕੀਤੇ ਗਏ ਸਕਿੱਲ ਡਿਵੈਲਪਮੈਂਟ ਕੋਰਸਾਂ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਵੀ ਸਾਂਝੀਆਂ ਕੀਤੀਆਂ ਗਈਆਂ, ਜੋ ਸਿਹਤ ਸੇਵਾਵਾਂ ਦੀ ਗੁਣਵੱਤਾ ਅਤੇ ਹੈਲਥਕੇਅਰ ਵਰਕਫੋਰਸ ਦੀ ਤਿਆਰੀ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਯੂਨੀਵਰਸਿਟੀ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਸ ਸਮੇਂ ਯੂਨੀਵਰਸਿਟੀ ਵਿੱਚ ਰੁਪਏ 3.5 ਕਰੋੜ ਤੋਂ ਵੱਧ ਦੀ ਐਕਸਟ੍ਰਾਮਿਊਰਲ ਫੰਡਿੰਗ ਨਾਲ ਖੋਜ ਪ੍ਰੋਜੈਕਟ ਚੱਲ ਰਹੇ ਹਨ। ਹਾਜ਼ਰ ਮੈਂਬਰਾਂ ਨੇ ਅਕੈਡਮੀਆ-ਇੰਡਸਟਰੀ ਸਹਿਯੋਗ ਨੂੰ ਹੈਲਥਕੇਅਰ ਨਵੀਨਤਾ ਅਤੇ ਦਵਾਈ ਖੋਜ ਵਿੱਚ ਤੇਜ਼ੀ ਲਿਆਉਣ ਲਈ ਬਹੁਤ ਜ਼ਰੂਰੀ ਕਰਾਰ ਦਿੱਤਾ।

ਚਰਚਾ ਦੌਰਾਨ ਇਹ ਵੀ ਜ਼ੋਰ ਨਾਲ ਉਭਾਰਿਆ ਗਿਆ ਕਿ ਹੈਲਥ ਸਾਇੰਸਜ਼ ਯੂਨੀਵਰਸਿਟੀਆਂ ਲਈ ਵਧੇਰੇ ਬਜਟਰੀ ਵੰਡ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਫੈਕਲਟੀ ਦੀ ਸੰਖਿਆ ਵਧਾਈ ਜਾ ਸਕੇ, ਅਧਾਰਭੂਤ ਢਾਂਚਾ ਮਜ਼ਬੂਤ ਕੀਤਾ ਜਾ ਸਕੇ, ਅਤੇ ਮੈਡੀਕਲ ਅਤੇ ਨਰਸਿੰਗ ਸੀਟਾਂ ਵਿੱਚ ਵਾਧਾ ਕੀਤਾ ਜਾ ਸਕੇ। ਮੈਂਬਰਾਂ ਨੇ ਟੈਲੀਮੇਡਿਸਨ ਅਤੇ AI-ਅਧਾਰਿਤ ਹੈਲਥਕੇਅਰ ਟੂਲਜ਼ ਨੂੰ ਭਵਿੱਖ ਦੀ ਸਿਹਤ ਸੇਵਾ ਵਿੱਚ ਇੱਕ ਬਦਲਾਅਕਾਰੀ ਭੂਮਿਕਾ ਨਿਭਾਉਣ ਵਾਲਾ ਮੰਨਿਆ।

ਡਾ. ਅਰੁਣ ਜਾਮਕਰ ਨੇ ਮਨੁੱਖੀ ਸਿਹਤ ਅਤੇ ਦਵਾਈ ਖੋਜ ਵਿੱਚ ਨਵੀਨਤਾ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਓ.ਪੀ. ਕਾਲਰਾ ਨੇ NAAC ਅਕ੍ਰੈਡੀਟੇਸ਼ਨ, ਈ-ਰਿਸੋਰਸਿਜ਼ ਦੀ ਵਿਆਪਕ ਅਪਣਾਉਣ, MBBS ਸੀਟਾਂ ਦੇ ਵਿਸਥਾਰ, ਸੰਸਥਾਗਤ ਸਹਿਯੋਗ ਮਜ਼ਬੂਤ ਕਰਨ, ਅਤੇ ਨੀਤੀ-ਨਿਰਧਾਰਕਾਂ ਨਾਲ ਸੰਵਾਦ ਰਾਹੀਂ ਖੋਜ ਅਤੇ ਵਿਕਾਸ ਲਈ ਵਧੇਰੇ ਫੰਡਿੰਗ ਪ੍ਰਾਪਤ ਕਰਨ ਵਰਗੀਆਂ ਪ੍ਰਾਥਮਿਕਤਾਵਾਂ ਉਜਾਗਰ ਕੀਤੀਆਂ।

ਮੀਟਿੰਗ ਵਿੱਚ ਮੈਂਬਰਾਂ ਨੇ ਮੈਡੀਕਲ ਸਿੱਖਿਆ ਦੀ ਗੁਣਵੱਤਾ ਹੋਰ ਸੁਧਾਰਨ, ਖੋਜ ਗਤੀਵਿਧੀਆਂ ਨੂੰ ਹੋਰ ਪ੍ਰੋਤਸਾਹਿਤ ਕਰਨ, ਮੈਡੀਕਲ ਸੀਟਾਂ ਵਿੱਚ ਵਾਧਾ ਕਰਨ ਅਤੇ ਦੇਸ਼ ਦੀ ਵੱਧ ਰਹੀ ਸਿਹਤ ਸੇਵਾ ਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਸੰਸਥਾਵਾਂ ਦੀ ਗਿਣਤੀ ਵਧਾਉਣ 'ਤੇ ਵੀ ਜ਼ੋਰ ਦਿੱਤਾ। ਇਸ ਮੌਕੇ ਐਗਜ਼ਿਕਿਊਟਿਵ ਕਮੇਟੀ ਦੀ ਪੁਨਰਰਚਨਾ ਅਤੇ ਭਵਿੱਖ ਵਿੱਚ ਮੈਂਬਰਾਂ ਦੀ ਭੂਮਿਕਾ ਸਬੰਧੀ ਮਹੱਤਵਪੂਰਨ ਫੈਸਲੇ ਵੀ ਲਏ ਗਏ। ਇਹ ਵੀ ਸਰਵਸੰਮਤੀ ਨਾਲ ਤੈਅ ਕੀਤਾ ਗਿਆ ਕਿ ਮੀਟਿੰਗ ਵਿੱਚ ਸ਼ਿਰਕਤ ਕਰਨ ਵਾਲੇ ਮੈਂਬਰਾਂ ਦੀਆਂ ਸੇਵਾਵਾਂ ਅਤੇ ਮਾਹਰਤਾ ਦਾ ਭਵਿੱਖ ਵਿੱਚ ਸਕਾਰਾਤਮਕ ਢੰਗ ਨਾਲ ਲਾਭ ਲਿਆ ਜਾਵੇਗਾ।

ਮੀਟਿੰਗ ਦੇ ਅੰਤ ਵਿੱਚ ਇਹ ਫੈਸਲਾ ਕੀਤਾ ਗਿਆ ਕਿ AIHSU ਦੀ ਅਗਲੀ ਮੀਟਿੰਗ ਜਲਦ ਤੋਂ ਜਲਦ ਬੁਲਾਈ ਜਾਵੇਗੀ, ਜਿਸ ਵਿੱਚ ਲਏ ਗਏ ਫੈਸਲਿਆਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਭਾਰਤ ਵਿੱਚ ਸਿਹਤ ਸਿੱਖਿਆ, ਖੋਜ ਅਤੇ ਹੈਲਥਕੇਅਰ ਨਵੀਨਤਾ ਨੂੰ ਹੋਰ ਮਜ਼ਬੂਤ ਕਰਨ ਲਈ ਸਾਂਝੇ ਯਤਨਾਂ ਨੂੰ ਅੱਗੇ ਵਧਾਇਆ ਜਾਵੇਗਾ।



